Space for Available for Advertising
WWW.PREETNEWS.COM
WWW.PREETNAMA.COM
preetnamausa@gmail.com

ਨਿਊਯਾਰਕ
# ਪ੍ਰੀਤਨਾਮਾ
ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ
ਖਰਾ ਸੱਚ
Online and Print Media +1 201-312-4180 +1 917-328-8436

ਇਸ ਦੁਨੀਆ ਵਿਚ ਜੇਕਰ ਕਿਸੇ ਦਾ ਵਿਸ਼ਵਾਸ ਕਰਨਾ ਹੈ ਤਾਂ ਆਪਣੇ ਮਾਂ ਬਾਪ ਦਾ ਕਰੋ, ਜੋ ਤੁਹਾਨੂੰ ਕਦੇ ਵੀ ਧੋਖਾ ਨਹੀਂ ਦਿੰਦੇ

ਪ੍ਰਿਤਪਾਲ ਕੌਰ ਪ੍ਰੀਤ
Preetnamausa@gmail.com

ਸਾਲ 4, ਅੰਕ 339, 30 ਜਨਵਰੀ ਤੋਂ 05 ਫਰਵਰੀ, 2026 ਵੈਬਸਾਈਟ : www.preetnama.com, www.preetnews.com ਈਮੇਲ preetnamausa@gmail.com

# ਭਾਰਤ ਤੇ ਯੂਰਪੀ ਸੰਘ ਵਿਚਾਲੇ ਹੋਏ ਸਮਝੌਤੇ ਨਾਲ ਇਹ ਸਭ ਹੋਵੇਗਾ ਸਸਤਾ

## ਕਿਸਾਨਾਂ ਤੇ ਛੋਟੇ ਕਾਰੋਬਾਰੀਆਂ ਦਾ ਕਿਵੇਂ ਹੋਵੇਗਾ ਫਾਇਦਾ



ਭਾਰਤ ਅਤੇ ਯੂਰਪੀ ਸੰਘ ਨੇ ਲਗਭਗ ਦੋ ਦਹਾਕਿਆਂ ਦੀ ਚਲਦੀ ਆ ਰਹੀ ਗੱਲਬਾਤ ਤੋਂ ਬਾਅਦ ਇੱਕ ਇਤਿਹਾਸਿਕ ਵਪਾਰ ਸਮਝੌਤੇ ਦਾ ਐਲਾਨ ਕੀਤਾ ਹੈ। ਇਹ ਸਭ ਉਸ ਸਮੇਂ ਹੋਇਆ ਜਦੋਂ ਦੋਵੇਂ ਧਿਰਾਂ ਅਮਰੀਕਾ ਦੇ ਨਾਲ ਤਣਾਅ ਵਿੱਚ ਹਨ ਅਤੇ ਦੋਵੇਂ ਆਪਸੀ ਸਬੰਧ ਡੂੰਘਾ ਕਰਨਾ ਚਾਹੁੰਦੀਆਂ ਹਨ। ਯੂਰਪੀ ਕਮਿਸ਼ਨ ਦੀ ਪ੍ਰਧਾਨ ਉਰਸੁਲਾ ਵਾਨ ਡੇਰ ਲੇਅਨ ਨੇ ਦਿੱਲੀ ਵਿੱਚ ਇੱਕ ਮੀਡੀਆ ਬ੍ਰੀਫਿੰਗ ਵਿੱਚ ਕਿਹਾ, ÷ਅਸੀਂ ਇਹ ਕਰਕੇ ਦਿਖਾਇਆ, ਅਸੀਂ ਸਾਰਿਆਂ ਨਾਲੋਂ ਵੱਡਾ ਸਮਝੌਤਾ ਕੀਤਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਸ ਸਮਝੌਤੇ ਨੂੰ 'ਇਤਿਹਾਸਿਕ' ਦੱਸਿਆ। ਇਹ ਸਮਝੌਤਾ 27 ਯੂਰਪੀ ਦੇਸ਼ਾਂ ਦੇ ਸਮੂਹ ਅਤੇ ਦੁਨੀਆ ਦੇ ਸਭ ਤੋਂ ਜ਼ਿਆਦਾ ਆਬਾਦੀ ਵਾਲੇ ਦੇਸ਼ ਵਿਚਾਲੇ ਸਾਮਾਨਾਂ ਦੇ ਮੁਕਤ ਵਪਾਰ ਦੀ ਆਗਿਆ ਦੇਵੇਗਾ, ਜੋ ਮਿਲ ਕੇ ਦੁਨੀਆ ਦੇ ਕੁੱਲ ਜੀਡੀਪੀ ਦਾ ਲਗਭਗ 25 ਫੀਸਦ ਅਤੇ ਦੋ ਅਰਬ ਲੋਕਾਂ ਦਾ ਬਾਜ਼ਾਰ ਬਣਾਉਂਦਾ ਹੈ। ਉਮੀਦ ਹੈ ਕਿ ਇਹ ਸਮਝੌਤਾ ਦੋਵੇਂ ਧਿਰਾਂ ਲਈ ਟੈਰਿਫ ਨੂੰ ਕਾਫੀ ਘੱਟ ਕਰੇਗਾ ਅਤੇ ਬਾਜ਼ਾਰ ਤੱਕ ਪਹੁੰਚ ਦਾ ਵਿਸਤਾਰ ਕਰੇਗਾ। ਵਾਨ ਡੇਰ ਲੇਅਨ ਅਤੇ ਯੂਰਪੀ ਕਾਊਂਸਿਲ ਦੇ ਪ੍ਰਧਾਨ ਐਂਟੋਨਿਓ ਕੋਸਟਾ ਦਿੱਲੀ ਵਿੱਚ ਹਨ, ਜਿੱਥੇ ਉਨ੍ਹਾਂ ਨੇ ਇੱਕ ਦੁਵੱਲੇ ਸੰਮੇਲਨ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਮੁਲਾਕਾਤ ਕੀਤੀ। ਯੂਰਪੀ ਕਮਿਸ਼ਨ ਨੇ ਕਿਹਾ ਕਿ ਇਹ ਸਮਝੌਤਾ ਪੜਾਅਵਾਰ ਕਟੌਤੀਆਂ ਤੋਂ ਬਾਅਦ ਜ਼ਿਆਦਾਤਰ ਕੈਮੀਕਲ, ਮਸ਼ੀਨਰੀ ਅਤੇ ਇਲੈਕਟ੍ਰਿਕਲ ਉਪਕਰਨਾਂ ਦੇ ਨਾਲ-ਨਾਲ ਜਹਾਜ਼ ਅਤੇ ਪੁਲਾੜ ਯਾਨ ਦੇ ਨਿਰਯਾਤ 'ਤੇ ਟੈਰਿਫ ਖਤਮ ਕਰ ਦੇਵੇਗਾ। ਖਾਸ ਗੱਲ ਇਹ ਹੈ ਕਿ ਮੋਟਰ ਵਾਹਨਾਂ 'ਤੇ ਜੋ ਡਿਊਟੀ ਹੁਣ 110 ਫੀਸਦ ਤੱਕ ਹੈ, ਉਸ ਨੂੰ 250,000 ਵਾਹਨਾਂ ਦੇ ਕੋਟੇ ਤਹਿਤ ਘਟਾ ਕੇ 10 ਫੀਸਦ ਕਰ ਦਿੱਤਾ ਜਾਵੇਗਾ।

ਕਿਹੜੀਆਂ ਵਸਤੂਆਂ ਦੀ ਕੀਮਤ ਘੱਟ ਸਕਦੀ ਹੈਬਲੂਮਬਰਗ ਨੇ ਦੱਸਿਆ ਕਿ ਇਹ ਪਿਛਲੇ ਜੁਲਾਈ ਵਿੱਚ ਹੋਏ ਇੱਕ ਸਮਝੌਤੇ ਵਿੱਚ ਭਾਰਤ ਵੱਲੋਂ ਬ੍ਰਿਟੇਨ ਨੂੰ ਦਿੱਤੇ ਗਏ 37,000 ਯੂਨਿਟ ਦੇ ਕੋਟੇ ਤੋਂ ਛੇ ਗੁਣਾਂ ਜ਼ਿਆਦਾ ਹੈ। ਈਯੂ ਦੇ ਨਾਲ ਭਾਰਤ ਦਾ ਇਹ ਸਮਝੌਤਾ ਦੇਸ਼ ਵਿੱਚ ਆਉਣ ਵਾਲੇ ਯੂਰਪੀ ਉਤਪਾਦਾਂ ਜਿਵੇਂ, ਕਾਰ, ਮਸ਼ੀਨਰੀ ਅਤੇ ਖੇਤੀ ਖਾਦ ਪਦਾਰਥਾਂ ਦੀਆਂ ਕੀਮਤਾਂ ਨੂੰ ਘੱਟ ਕਰੇਗਾ ਕਿਉਂਕਿ ਇਸ ਨਾਲ ਆਯਾਤ ਡਿਊਟੀਆਂ ਘੱਟ ਹੋ ਜਾਣਗੀਆਂ। ਬਰੁਸੇਲਸ ਨੇ ਕਿਹਾ ਕਿ ਇਹ ਸਮਝੌਤਾ ਇਨਵੈਸਟਮੈਂਟ ਫਲੋ ਨੂੰ ਸਮਰਥਨ ਦੇਵੇਗਾ, ਯੂਰਪੀ ਬਾਜ਼ਾਰਾਂ ਤੱਕ ਪਹੁੰਚ ਨੂੰ ਬਿਹਤਰ ਬਣਾਏਗਾ ਅਤੇ ਸਪਲਾਈ-ਚੇਨ ਇੰਟੀਗ੍ਰੇਸ਼ਨ ਨੂੰ ਡੂੰਘਾ ਕਰੇਗਾ। ਭਾਰਤ ਨੇ ਕਿਹਾ ਕਿ ਉਸ ਦੇ ਲਗਭਗ ਸਾਰੇ ਐਕਸਪੋਰਟ ਨੂੰ ਈਯੂ ਵਿੱਚ 'ਤਰਜੀਹੀ ਪਹੁੰਚ' ਮਿਲੇਗੀ, ਜਿਸ ਵਿੱਚ ਟੈਕਸਟਾਈਲ, ਚਮੜਾ, ਸਮੁੰਦਰੀ ਉਤਪਾਦ, ਦਸਤਕਾਰੀ, ਹੀਰੇ ਅਤੇ ਗਹਿਣਿਆਂ 'ਤੇ ਟੈਰਿਫ ਵਿੱਚ ਘਾਟ ਜਾਂ ਉਸ ਨੂੰ ਖਤਮ ਕੀਤਾ ਜਾਵੇਗਾ।

ਹਾਲਾਂਕਿ ਚਾਹ, ਕੌਫੀ, ਮਸਾਲੇ ਅਤੇ ਪ੍ਰੋਸੈਸਡ ਫੂਡ ਵਰਗੀਆਂ ਵਸਤੂਆਂ ਨੂੰ ਇਸ ਸਮਝੌਤੇ ਤੋਂ ਫਾਇਦਾ ਹੋਵੇਗਾ। ਇਹ ਕਿਹਾ ਗਿਆ ਦਿੱਲੀ ਨੇ 'ਸਮਝਦਾਰੀ ਨਾਲ ਡੇਅਰੀ, ਪੋਲਟਰੀ, ਸੋਆ ਮੀਲ, ਕੁਝ ਫਲ ਅਤੇ ਸਬਜ਼ੀਆਂ ਸਣੇ ਸੰਵੇਦਨਸ਼ੀਲ ਸੈਕਟਰਾਂ ਦੀ ਸੁਰੱਖਿਆ ਕੀਤੀ ਹੈ, ਜਿਸ ਨਾਲ ਐਕਸਪੋਰਟ ਗ੍ਰੋਥ ਅਤੇ ਘਰੇਲੂ ਤਰਜੀਹਾਂ ਵਿਚਾਲੇ ਸੰਤੁਲਨ ਬਣਿਆ ਰਹੇ।' ਭਾਰਤ ਅਤੇ ਬੈਲਜੀਅਮ ਨੇ ਇੱਕ ਮੋਬਿਲਿਟੀ ਫ ?ਰੇਮਵਰਕ 'ਤੇ ਵੀ ਸਹਿਮਤੀ ਜਤਾਈ ਹੈ, ਜੋ ਪੇਸ਼ੇਵਰਾਂ ਲਈ ਭਾਰਤ ਅਤੇ ਈਯੂ ਵਿਚਾਲੇ ਘੱਟ ਸਮੇਂ ਲਈ ਯਾਤਰਾ ਕਰਨ 'ਤੇ ਲੱਗੀ ਪਾਬੰਦੀਆਂ ਨੂੰ ਆਸਾਨ ਬਣਾਉਂਦਾ ਹੈ। ਪੀਐੱਮ ਮੋਦੀ ਨੇ ਕਿਹਾ, ÷ਇਹ ਭਾਰਤ ਦਾ ਸਭ ਤੋਂ ਵੱਡਾ ਮੁਫ਼ਤ ਵਪਾਰ ਸਮਝੌਤਾ ਹੈ।

ਇਸ ਨਾਲ ਭਾਰਤ ਦੇ ਕਿਸਾਨਾਂ ਅਤੇ ਛੋਟੇ ਕਾਰੋਬਾਰੀਆਂ ਦੇ ਲਈ ਯੂਰਪੀ ਬਾਜ਼ਾਰਾਂ ਤੱਕ ਪਹੁੰਚ ਆਸਾਨ ਹੋ ਜਾਵੇਗੀ। ਇਸ ਨਾਲ ਨਿਰਮਾਣ ਅਤੇ ਸਰਵਿਸ ਸੈਕਟਰ ਨੂੰ ਵੀ ਹੁਲਾਰਾ ਮਿਲੇਗਾ। ਇਹ ਨਵੀਨਤਾਕਾਰੀ ਭਾਗੀਦਾਰੀ ਨੂੰ ਵੀ ਉਤਸ਼ਾਹਿਤ ਕਰੇਗਾ।÷ ਇਹ ਵਪਾਰ ਸਮਝੌਤਾ ਉਸ ਸਮੇਂ ਹੋਇਆ ਹੈ, ਜਦੋਂ ਭਾਰਤ ਅਤੇ ਈਯੂ ਦੋਵੇਂ ਅਮਰੀਕਾ ਦੇ ਆਰਥਿਕ ਅਤੇ ਜੀਓਪੌਲੀਟਿਕਸ ਦਬਾਅ ਦਾ ਸਾਹਮਣਾ ਕਰ ਰਹੇ ਹਨ। ਭਾਰਤ ਪਿਛਲੇ ਸਾਲ ਰਾਸ਼ਟਰਪਤੀ ਡੌਨਲਡ ਟਰੰਪ ਵੱਲੋਂ ਲਗਾਏ ਗਏ 50 ਫੀਸਦ ਟੈਰਿਫ ਨਾਲ ਜੂਝ ਰਿਹਾ ਹੈ, ਜਦਕਿ ਭਾਰਤ ਅਤੇ ਅਮਰੀਕਾ ਵਿਚਾਲੇ ਟਰੇਡ ਡੀਲ ਨੂੰ ਲੈ ਕੇ ਗੱਲਬਾਤ ਹਾਲੇ ਵੀ ਚੱਲ ਰਹੀ ਹੈ। ਪਿਛਲੇ ਹਫ਼ਤੇ ਟਰੰਪ ਨੇ ਗ੍ਰੀਨਲੈਂਡ 'ਤੇ ਅਮਰੀਕਾ ਦੇ ਕਬਜ਼ੇ ਦਾ ਵਿਰੋਧ ਕਰਨ ਲਈ ਯੂਰਪੀ ਸਹਿਯੋਗੀਆਂ ਦੇ ਨਾਲ ਆਪਣੇ 'ਵਪਾਰ ਯੁੱਧ' ਨੂੰ ਵਧਾਉਣ ਦੀ ਧਮਕੀ ਦਿੱਤੀ ਸੀ ਪਰ ਬਾਅਦ ਵਿੱਚ ਉਹ ਪਿੱਛੇ ਹਟ ਗਏ। ਇਹ ਵੱਡਾ ਭੂ-ਰਾਜਨੀਤਿਕ ਸੰਦਰਭ ਨੇਤਾਵਾਂ ਦੇ ਬਿਆਨਾਂ ਵਿੱਚ ਸਾਫ਼ ਦਿਖ ਰਿਹਾ ਸੀ।

ਮੰਗਲਵਾਰ ਨੂੰ ਵਾਨ ਡੇਰ ਲੇਅਨ ਨੇ ਕਿਹਾ, ÷ ਇਹ ਦੋ ਦਿੱਗਜਾਂ ਦੀ ਕਹਾਣੀ ਹੈ, ਜੋ ਦੁਨੀਆਂ ਦੇ ਦੂਜੀ ਅਤੇ ਚੌਥੀ ਸਭ ਤੋਂ ਵੱਡੀ ਅਰਥਵਿਵਸਥਾ ਹਨ। ਇਨ੍ਹਾਂ ਦੋਵੇਂ ਦਿੱਗਜਾਂ ਨੇ ਸਾਂਝੇਦਾਰੀ ਨੂੰ ਅਜਿਹੇ ਤਰੀਕੇ ਨਾਲ ਚੁਣਿਆ ਹੈ, ਜਿਸ ਨਾਲ ਦੋਵਾਂ ਦਾ ਫਾਇਦਾ ਹੋ ਰਿਹਾ ਹੈ। ਇਹ ਇੱਕ ਮਜ਼ਬੂਤ ਸੰਦੇਸ਼ ਹੈ ਕਿ ਸਹਿਯੋਗ ਵਿਸ਼ਵ ਚੁਣੌਤੀਆਂ ਦਾ ਸਭ ਤੋਂ ਵਧੀਆ ਜਵਾਬ ਹੈ। ਇਸ ਦੇ ਇੱਕ ਦਿਨ ਪਹਿਲਾਂ ਕੋਸਟਾ ਨੇ ਅਮਰੀਕਾ ਦਾ ਨਾਮ ਲਏ ਬਿਨਾਂ ਕਿਹਾ ਸੀ ਕਿ ਇਹ ਟਰੇਡ ਡੀਲ ਦੁਨੀਆ ਨੂੰ ਇੱਕ 'ਮਹੱਤਵਪੂਰਨ ਰਾਜਨੀਤਿਕ ਸੰਦੇਸ਼' ਦੇਵੇਗੀ ਕਿ ਭਾਰਤ ਅਤੇ ਈਯੂ ਟੈਰਿਫ ਦੀ ਬਜਾਏ ਵਪਾਰ ਸਮਝੌਤੇ ਵਿੱਚ ਜ਼ਿਆਦਾ ਵਿਸ਼ਵਾਸ ਕਰਦੇ ਹਨ, ਉਹ ਵੀ ਅਜਿਹੇ ਸਮੇਂ ਜਦੋਂ ਸੁਰੱਖਿਆਵਾਦ ਵਧ ਰਿਹਾ ਹੈ ਅਤੇ 'ਕੁਝ ਦੇਸ਼ਾਂ ਨੇ ਟੈਰਿਫ ਵਧਾਉਣ ਦਾ ਫ਼ੈਸਲਾ ਕੀਤਾ ਹੈ।' ਵਾਨ ਡੇਰ ਲੇਅਨ ਅਤੇ ਕੋਸਟਾ ਹਫ਼ਤੇ ਦੀ ਅਖੀਰ ਵਿੱਚ ਦਿੱਲੀ ਪਹੁੰਚੇ ਅਤੇ ਸੋਮਵਾਰ ਨੂੰ ਭਾਰਤ ਦੇ ਗਣਤੰਤਰ ਦਿਵਸ ਸਮਾਰੋਹ ਵਿੱਚ ਮੁੱਖ ਮਹਿਮਾਨ ਸਨ।

ਮੰਗਲਵਾਰ ਨੂੰ ਨੇਤਾਵਾਂ ਨੇ ਪੀਐੱਮ ਮੋਦੀ ਨਾਲ ਤਸਵੀਰਾਂ ਖਿਚਵਾਈਆਂ, ਜਿਸ ਵਿੱਚ ਉਨ੍ਹਾਂ ਵਿਚਾਲੇ ਚੰਗੀ ਦੋਸਤੀ ਸਾਫ਼ ਝਲਕ ਰਹੀ ਸੀ।ਰਸਮੀ ਦਸਤਖ਼ਤ ਇਸ ਸਾਲ ਦੇ ਅਖੀਰ ਵਿੱਚ ਹੀ ਹੋਣ ਦੀ ਸੰਭਾਵਨਾ ਹੈ, ਜਦੋਂ ਸਮਝੌਤੇ ਨੂੰ ਯੂਰਪੀ ਸੰਸਦ ਅਤੇ ਯੂਰਪੀ ਕੌਂਸਲ ਵਿੱਚ ਮਨਜ਼ੂਰੀ ਮਿਲ ਜਾਵੇਗੀ। ਭਾਰਤ ਅਤੇ ਯੂਰਪੀ ਸੰਘ ਵਪਾਰ ਸਮਝੌਤੇ ਦੇ ਨਾਲ-ਨਾਲ ਸੁਰੱਖਿਆ ਤੇ ਰੱਖਿਆ ਸਹਿਯੋਗ ਅਤੇ ਜਲਵਾਯੂ ਕਾਰਵਾਈ 'ਤੇ ਵੀ ਵੱਖ ਤੋਂ ਗੱਲਬਾਤ ਕਰ ਰਹੇ ਹਨ। ਮੰਗਲਵਾਰ ਨੂੰ ਭਾਰਤ ਦੇ ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਕਿਹਾ ਕਿ ਉਨ੍ਹਾਂ ਨੇ ਯੂਰਪੀ ਕਮਿਸ਼ਨ ਦੀ ਉੱਪ-ਪ੍ਰਧਾਨ ਕਾਜਾ ਕਾਲਾਸ ਦੇ ਨਾਲ ਕਈ ਦੁਵੱਲੇ ਸੁਰੱਖਿਆ ਅਤੇ ਰੱਖਿਆ ਮੁੱਦਿਆਂ 'ਤੇ ਚਰਚਾ ਕੀਤੀ, ਜਿਸ ਵਿੱਚ ਭਰੋਸੇਮੰਦ ਰੱਖਿਆ ਇਕੋਸਿਸਟਮ ਬਣਾਉਣ ਅਤੇ ਭਵਿੱਖ ਦੇ ਲਈ ਤਿਆਰ ਸਮਰੱਥਾਵਾਂ ਵਿਕਸਿਤ ਕਰਨ ਦੇ ਲਈ ਸਪਲਾਈ ਚੇਨ ਨੂੰ ਇੰਟੀਗ੍ਰੇਟ ਕਰਨ ਦੇ ਮੌਕੇ ਸ਼ਾਮਲ ਹਨ। ਰਾਇਟਰਜ਼ ਖਬਰ ਏਜੰਸੀ ਨੇ ਦੱਸਿਆ ਕਿ ਦੋਵੇਂ ਧਿਰਾਂ ਇੱਕ ਡਰਾਫ਼ਟ ਸੁਰੱਖਿਆ ਅਤੇ ਰੱਖਿਆ ਸਾਂਝੇਦਾਰੀ 'ਤੇ ਕੰਮ ਕਰ ਰਹੇ ਹਨ, ਜਿਸ ਵਿੱਚ ਸਮੁੰਦਰੀ ਸੁਰੱਖਿਆ, ਸਾਇਬਰ ਖਤਰਿਆਂ ਅਤੇ ਰੱਖਿਆ ਸੰਵਾਦ ਵਰਗੇ ਖੇਤਰ ਸ਼ਾਮਲ ਹਨ

*ਇਹ ਸਮਝੌਤਾ ਅਜਿਹੇ ਸਮੇਂ ਵਿੱਚ ਹੋਇਆ ਹੈ ਜਦੋਂ ਨਿਰਯਾਤਕਾਂ ਲਈ ਵਿਕਲਪਿਕ ਬਾਜ਼ਾਰ ਸੁਰੱਖਿਅਤ ਕਰਨ ਲਈ ਭਾਰਤ ਅਤੇ ਬਰੁਸੇਲਸ 'ਤੇ ਦਬਾਅ ਵੱਧ ਰਿਹਾ ਹੈ।ਪਿਛਲੇ ਸੱਤ ਮਹੀਨਿਆਂ ਵਿੱਚ ਭਾਰਤ ਨੇ ਯੂਕੇ, ਓਮਾਨ ਅਤੇ ਨਿਊਜ਼ੀਲੈਂਡ ਦੇ ਨਾਲ ਵੱਡੇ ਵਪਾਰ ਸਮਝੌਤੇ ਕੀਤੇ ਅਤੇ ਚਾਰ-ਦੇਸ਼ੀ ਯੂਰਪੀਅਨ ਮੁਕਤ ਵਪਾਰ ਐਸੋਸੀਏਸ਼ਨ ਬਲਾਕ ਸਵਿਟਜ਼ਰਲੈਂਡ, ਨਾਰਵੇ, ਆਈਸਲੈਂਡ ਅਤੇ ਲੀਚਟਨਸਟਾਈਨ ਨਾਲ 2024 ਵਿੱਚ ਕੀਤਾ ਗਿਆ ਸਮਝੌਤਾ ਲਾਗੂ ਹੋ ਗਿਆ ਹੈ। ਇਸ ਨੇ 2023 ਵਿੱਚ ਆਸਟ ?ਰੇਲੀਆ ਨਾਲ ਇੱਕ ਵਪਾਰ ਸਮਝੌਤਾ ਕੀਤਾ ਸੀ। ਇਸ ਵਿਚਾਲੇ ਈਯੂ ਨੇ ਇਸ ਮਹੀਨੇ ਦੀ ਸ਼ੁਰੂਆਤ ਵਿੱਚ 25 ਸਾਲ ਦੀ ਗੱਲਬਾਤ ਤੋਂ ਬਾਅਦ ਦੱਖਣੀ ਅਮਰੀਕੀ ਵਪਾਰ ਬਲੌਕ ਮਰਕੋਸੁਰ ਨਾਲ ਇੱਕ ਵਪਾਰ ਸਮਝੌਤਾ ਕੀਤਾ।*

ਵਸਤੂਆਂ ਦੇ ਮਾਮਲੇ ਵਿੱਚ ਈਯੂ ਭਾਰਤ ਦਾ ਸਭ ਤੋਂ ਵੱਡਾ ਵਪਾਰਕ ਭਾਈਵਾਲ ਹੈ, 2024-25 ਵਿੱਚ ਦੁਵੱਲਾ ਵਪਾਰ £136 ਬਿਲੀਅਨ (‖99.4 ਬਿਲੀਅਨ) ਤੱਕ ਪਹੁੰਚ ਗਿਆ, ਜੋ ਇੱਕ ਦਹਾਕੇ ਵਿੱਚ ਲਗਭਗ ਦੁੱਗਣਾ ਹੋ ਗਿਆ। ਉਨ੍ਹਾਂ ਵਿਚਾਲੇ ਇੱਕ ਡੀਲ ਦੇ ਲਈ ਗੱਲਬਾਤ 2007 ਵਿੱਚ ਸ਼ੁਰੂ ਹੋਈ ਸੀ ਪਰ ਬਾਜ਼ਾਰ ਪਹੁੰਚ ਅਤੇ ਰੇਗੂਲੇਟਰੀ ਮੰਗਾਂ ਵਿੱਚ ਰੁਕਾਵਟਾਂ ਕਾਰਨ 2013 ਵਿੱਚ ਰੁਕ ਗਈ। ਜੁਲਾਈ 2022 ਵਿੱਚ ਰਸਮੀ ਤੌਰ 'ਤੇ ਗੱਲਬਾਤ ਫਿਰ ਸ਼ੁਰੂ ਹੋਈ। ਦੋਵਾਂ ਪਾਸਿਆਂ ਦੇ ਅਧਿਕਾਰੀਆਂ ਨੇ ਪਿਛਲੇ ਕੁਝ ਦਿਨਾਂ ਤੋਂ ਸਮਝੌਤੇ ਦੇ ਬਾਕੀ ਅਧਿਆਵਾਂ ਨੂੰ ਅੰਤਿਮ ਰੂਪ ਦੇਣ ਲਈ ਸਖ਼ਤ ਮਿਹਨਤ ਕੀਤੀ ਹੈ, ਜਿਸਦਾ ਉਦੇਸ਼ ਯੂਰਪੀ ਸੰਘ ਦੇ ਨੇਤਾਵਾਂ ਦੀ ਫੇਰੀ ਤੋਂ ਪਹਿਲਾਂ ਇਸ ਨੂੰ ਪੂਰਾ ਕਰਨਾ ਸੀ।

# Preetnama

Khara Sach

ਪ੍ਰੀਤਨਾਮਾ
ਖ਼ਰਾ ਸੱਚ

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 339
Website: www.preetnama.com Email preetnamausa@gmail.com
30 JAN TO 05 FEB, 2026




# Preetnama

Khara Sach

ਪ੍ਰੀਤਨਾਮਾ
ਖ਼ਰਾ ਸੱਚ

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 339 | Website: www.preetnama.com Email preetnamausa@gmail.com | 30 JAN TO 05 FEB, 2026





# ਪੰਜਾਬ ਦੇ ਇਸ ਪਿੰਡ ਦੇ ਮੁਸਲਮਾਨਾਂ ਨੂੰ ਮ੍ਰਿਤਕਾਂ ਨੂੰ ਕਬਰਸਤਾਨ ’ਚ ਦਫਨਾਉਣ ਜਾਣ ਲਈ ਇਜਾਜ਼ਤ ਕਿਉਂ ਲੈਣੀ ਪੈਂਦੀ ਹੈ



ਆਪਣੇ ਮ੍ਰਿਤਕ ਪਰਿਵਾਰਕ ਮੈਂਬਰਾਂ ਨੂੰ ਦਫ਼ਨਾਉਣ ਤੋਂ ਪਹਿਲਾਂ ਸਾਨੂੰ ਜ਼ਮੀਨ ਮਾਲਕਾਂ ਦੇ ਤਰਲੇ ਕਰਨੇ ਪੈਂਦੇ ਹਨ। ਬਜ਼ੁਰਗ ਬੂਟਾ ਖ਼ਾਨ ਦੇ ਇਹ ਸ਼ਬਦ ਮੋਗਾ ਜ਼ਿਲ੍ਹੇ ਦੇ ਪਿੰਡ ਮਹਿਣਾ ਦੇ ਵਸਨੀਕ ਮੁਸਲਮਾਨਾਂ ਦੀ ਉਸ ਸਥਿਤੀ ਨੂੰ ਬਿਆਨ ਕਰਦੇ ਹਨ, ਜਿਹੜਾ ਉਨ੍ਹਾਂ ਨੂੰ ਆਪਣੇ ਪਰਿਵਾਰਕ ਮੈਂਬਰਾਂ ਦੀ ਅੰਤਿਮ ਯਾਤਰਾ ਮੌਕੇ ਕਰਨਾ ਪੈਂਦਾ ਹੈ। ਦਰਅਸਲ ਇਸ ਪਿੰਡ ਵਿੱਚ ਕਈ ਮੁਸਲਮਾਨ ਪਰਿਵਾਰ ਰਹਿੰਦੇ ਹਨ। ਇਨ੍ਹਾਂ ਮੁਸਲਮਾਨ ਪਰਿਵਾਰਾਂ ਦੇ ਮ੍ਰਿਤਕ ਮੈਂਬਰਾਂ ਨੂੰ ਦਫਨਾਉਣ ਵਾਸਤੇ ਪਿੰਡ ਵਿੱਚ ਕਬਰਸਤਾਨ ਵੀ ਸਥਿਤ ਹੈ। ਪਰ ਕਬਰਸਤਾਨ ਤੱਕ ਪਹੁੰਚਣ ਵਾਸਤੇ ਕੋਈ ਰਸਤਾ ਨਹੀ ਹੈ। ਇਸ ਲਈ ਇੱਥੇ ਰਹਿੰਦੇ ਘੱਟ ਗਿਣਤੀ ਮੁਸਲਮਾਨਾਂ ਦੇ ਘਰ ਜਦੋਂ ਕੋਈ ਮੌਤ ਹੁੰਦੀ ਹੈ ਤਾਂ ਉਨ੍ਹਾਂ ਨੂੰ ਕਿਸਾਨਾਂ ਦੇ ਖੇਤਾਂ ਵਿੱਚ ਖੜੀਆਂ ਫਸਲਾਂ ਖੜ੍ਹੇ ਪਾਣੀ ਵਿੱਚੋਂ ਲੰਘਣਾ ਪੈਂਦਾ ਹੈ।

ਇਨ੍ਹਾਂ ਫ਼ਸਲਾਂ ਵਿੱਚੋਂ ਲੰਘਣ ਤੋਂ ਪਹਿਲਾਂ ਜ਼ਮੀਨ ਦੇ ਮਾਲਕਾਂ ਅਤੇ ਕਾਸ਼ਤਕਾਰ ਕਿਸਾਨਾਂ ਦੀ ਆਗਿਆ ਲੈਂਦੇ ਹਨ। ਕਿਸਾਨਾਂ ਦੀਆਂ ਜ਼ਮੀਨਾਂ ਤੱਕ ਜਾਣ ਵਾਸਤੇ ਤਾਂ ਕੱਚਾ ਰਸਤਾ ਹੈ ਪਰ ਅੱਗੇ ਕਬਰਸਤਾਨ ਤੱਕ ਜਾਣ ਵਾਸਤੇ ਫਸਲਾਂ ਵਿੱਚੋਂ ਲੰਘਣ ਤੋਂ ਪਹਿਲਾਂ ਹੋਰ ਕੋਈ ਰਸਤਾ ਨਹੀਂ ਹੈ।

**ਸਮੱਸਿਆ ਕਿੰਨੀ ਪੁਰਾਣੀ ਹੈ**

ਪਿੰਡ ਦੇ ਵਸਨੀਕ ਅਤੇ ਮ੍ਰਿਤਕ ਰੱਜੋ ਦੇ ਰਿਸ਼ਤੇਦਾਰ ਰੂਪ ਦਿਨ ਮੁਤਾਬਕ ਇੱਥੇ ਇਹ ਸਮੱਸਿਆ ਪਹਿਲੀ ਵਾਰੀ ਨਹੀਂ ਆਈ। ਉਹ ਪਿਛਲੇ ਕਈ ਦਹਾਕਿਆਂ ਤੋਂ ਆਪਣੇ ਮੁਰਦਾ ਪਰਿਵਾਰਕ ਮੈਂਬਰਾਂ ਨੂੰ ਸਨਮਾਨ ਨਾਲ ਦਫ਼ਨਾਉਣ ਵਾਸਤੇ ਕਬਰਸਤਾਨ ਤੱਕ ਪਹੁੰਚਣ ਲਈ ਰਾਹ ਦੀ ਮੰਗ ਕਰ ਰਹੇ ਹਨ। ਉਹ ਕਹਿੰਦੇ ਹਨ, ÷ਜਦੋਂ ਦੀ ਮੇਰੀ ਸੁਰਤ ਸੰਭਲ ੀ ਹੈ, ਮੈਂ ਆਪਣੇ ਪਰਿਵਾਰ ਵਿੱਚ ਤਿੰਨ ਮੌਤਾਂ ਦੇਖੀਆਂ ਹਨ। ਹਰ ਵਾਰੀ ਸਾਨੂੰ ਕਬਰਸਤਾਨ ਤੱਕ ਜਾਣ ਵਾਸਤੇ ਇਓਂ ਹੀ ਸੰਘਰਸ਼ ਕਰਨਾ ਪਿਆ। ਬੂਟਾ ਖ਼ਾਨ ਨੇ ਕਿਹਾ, ਇਹ ਸਮੱਸਿਆ ਸਾਲ 1947 ਤੋਂ ਹੀ ਆ ਰਹੀ ਹੈ। ਮੈਨੂੰ ਆਪਣੀ ਮਾਂ ਅਤੇ ਪਿਉ ਨੂੰ ਦਫ਼ਨਾਉਣ ਵੇਲੇ ਵੀ ਖੇਤਾਂ ਵਿਚੋਂ ਲੰਘਣਾ ਪਿਆ ਸੀ।

**ਪਿੰਡ ਵਿੱਚ ਮੁਸਲਮਾਨ ਕਿੰਨੇ ਹਨ ?**

ਪਿੰਡ ਦੇ ਸਰਪੰਚ ਅਤੇ ਮੁਸਲਿਮ ਭਾਈਚਾਰੇ ਮੁਤਾਬਕ ਉਨ੍ਹਾਂ ਦੀਆਂ ਇੱਥੇ 37 ਵੋਟਾਂ ਹਨ। ਬੂਟਾ ਖਾਨ ਨੇ ਕਿਹਾ, ÷ਸਾਡੇ ਬਜ਼ੁਰਗ ਇਸੇ ਪਿੰਡ ਦੇ ਹੀ ਵਸਨੀਕ ਹਨ। 1947 ਵਿੱਚ ਸਾਰਾ ਮੁਸਲਿਮ ਭਾਈਚਾਰਾ ਇਥੋਂ ਪਾਕਿਸਤਾਨ ਚਲਾ ਗਿਆ ਸੀ। ਇਕੱਲਾ ਮੇਰੇ ਪਿਉ ਇੱਥੇ ਰਹਿ ਗਿਆ ਸੀ। ਹੌਲੀ-ਹੌਲੀ ਪਰਿਵਾਰ ਵੱਧਦਾ ਗਿਆ ਅਤੇ ਹੁਣ ਸਾਡੀਆਂ ਪਿੰਡ ਵਿੱਚ 37 ਵੋਟਾਂ ਹਨ। ਇਸ ਤੋਂ ਇਲਾਵਾ ਪਿੰਡ ਵਿੱਚ ਕਈ ਪਰਵਾਸੀ ਮੁਸਲਿਮ ਵੀ ਹਨ। ਪਿੰਡ ਦੇ ਸਰਪੰਚ ਅਮਨਦੀਪ ਸਿੰਘ ਭੀਮਾ ਨੇ ਦੱਸਿਆ ਕਿ ਪਿੰਡ ਵਿੱਚ ਕੁੱਲ ਵੋਟਾਂ ਦੀ ਗਿਣਤੀ 3500 ਦੇ ਕਰੀਬ ਹੈ।

**ਪਿੰਡ ਦੇ ਮੁਸਲਮਾਨਾਂ ਦੀ ਕੀ ਮੰਗ ਹੈ ?**

ਇੱਥੇ ਵੱਸਦੇ ਮੁਸਲਿਮ ਭਾਈਚਾਰੇ ਦੀ ਮੰਗ ਹੈ ਕਿ ਪਹਿਲਾਂ ਕਬਰਸਤਾਨ ਤੱਕ ਰਸਤਾ ਦਿੱਤਾ ਜਾਵੇ। ਇਸ ਮੁੱਖ ਮੰਗ ਤੋਂ ਇਲਾਵਾ ਉਹ ਚਾਹੁੰਦੇ ਹਨ ਕਿ ਕਬਰਸਤਾਨ ਦੀ ਚਾਰ ਦਿਵਾਰੀ ਕਰਵਾਈ ਜਾਵੇ ਅਤੇ ਸ਼ੈੱਡ ਪਾ ਕੇ ਦਿੱਤਾ ਜਾਵੇ। ਰੂਪ ਦੀਨ ਕਹਿੰਦੇ ਹਨ, ÷ਅਸੀਂ ਪਿਛਲੇ ਕਈ ਦਹਾਕਿਆਂ ਤੋਂ ਕਬਰਸਤਾਨ ਵਾਸਤੇ ਰਾਹ ਦੀ ਮੰਗ ਕਰ ਰਹੇ ਹਾਂ। ਅਸੀਂ ਚਾਹੁੰਦੇ ਹਾਂ ਕਿ ਬਾਕੀ ਧਰਮਾਂ ਦੇ ਵਾਂਗ ਅਸੀਂ ਵੀ ਆਪਣੇ ਪਰਿਵਾਰਕ ਮੈਂਬਰਾਂ ਦੀਆਂ ਅੰਤਿਮ ਰਸਮਾਂ ਸਨਮਾਨ ਨਾਲ ਪੂਰੀਆਂ ਕਰ ਸਕੀਏ। ਬੂਟਾ ਖ਼ਾਨ ਕਹਿੰਦੇ, ÷ਰਸਤੇ ਤੋਂ ਇਲਾਵਾ ਕਬਰਸਤਾਨ ਵਿੱਚ ਸ਼ੈੱਡ ਵੀ ਬਣੇ ਅਤੇ ਚਾਰ ਦਿਵਾਰੀ ਦੀ ਵੀ ਲੋੜ ਹੈ।

**ਸਮੱਸਿਆ ਦੇ ਹੱਲ ਵਾਸਤੇ ਕੀ ਯਤਨ ਹੋ ਰਹੇ ਹਨ**

ਸਰਪੰਚ ਅਮਨਦੀਪ ਸਿੰਘ ਭੀਮਾ ਨੇ ਕਿਹਾ, ÷ਇਹ ਬਿਲਕੁਲ ਠੀਕ ਹੈ ਕਿ ਸਾਡੇ ਪਿੰਡ ਦੇ ਕਬਰਸਤਾਨ ਨੂੰ ਜਾਣ ਲਈ ਕੋਈ ਰਸਤਾ ਨਹੀਂ ਹੈ। ਮੈਨੂੰ ਸਰਪੰਚ ਬਣੇ ਨੂੰ ਥੋੜਾ ਸਮਾਂ ਹੀ ਹੋਇਆ ਹੈ ਅਤੇ ਮਸਲਾ ਵੀ ਮੇਰੇ ਧਿਆਨ ਵਿੱਚ ਹੁਣੇ ਹੀ ਆਇਆ ਹੈ। ਸਮੱਸਿਆ ਦਾ ਪਤਾ ਲੱਗਣ ਮਗਰੋਂ ਮੈਂ ਏਰੀਏ ਦੇ ਪਟਵਾਰੀ ਨਾਲ ਸੰਪਰਕ ਕਰਕੇ ਮਾਲ ਵਿਭਾਗ ਦੇ ਰਿਕਾਰਡ ਬਾਰੇ ਪੁੱਛਿਆ। ਅਸੀਂ ਪਿੰਡ ਦਾ ਨਕਸ਼ਾ ਵੀ ਚੈੱਕ ਕੀਤਾ। ਨਕਸ਼ੇ ਵਿੱਚ ਕਬਰਿਸਤਾਨ ਵਾਸਤੇ ਰਾਸਤਾ ਨਹੀਂ ਹੈ। ਰਿਕਾਰਡ ਮੁਤਾਬਕ ਰਸਤਾ ਨਾ ਹੋਣ ਦੇ ਬਾਵਜੂਦ ਮੈਂ ਸਮੱਸਿਆ ਦਾ ਹੱਲ ਕਰਨ ਦੀ ਕੋਸ਼ਿਸ਼ ਕਰ ਰਿਹਾ ਹਾਂ। ਮੇਰੀ ਕੋਸ਼ਿਸ਼ ਹੈ ਕਿ ਕਬਰਿਸਤਾਨ ਨਾਲ ਲੱਗਦੀ ਜ਼ਮੀਨ ਦੇ ਮਾਲਕਾਂ ਅਤੇ ਮੁਸਲਿਮ ਭਾਈਚਾਰੇ ਦੀ ਆਪਸੀ ਸਹਿਮਤੀ ਨਾਲ ਪੱਕਾ ਹੱਲ ਕੱਢਿਆ ਜਾਵੇ। ਏਰੀਏ ਦੇ ਪਟਵਾਰੀ ਹਰਜੋਤ ਸਿੰਘ ਕਹਿੰਦੇ ਹਨ, ÷ਕਬਰਿਸਤਾਨ ਨਾਲ ਲੱਗਦੀ ਜ਼ਮੀਨ ਦੇ ਮਾਲਕਾਂ ਨਾਲ ਕਬਰਸਤਾਨ ਦੀ ਜ਼ਮੀਨ ਦਾ ਤਬਾਦਲਾ ਕਰਕੇ ਰਾਹ ਕੱਢਿਆ ਜਾ ਸਕਦਾ। ਇਹ ਮਾਲਕਾਂ ਅਤੇ ਮੁਸਲਿਮ ਭਾਈਚਾਰੇ ਦੀ ਸਹਿਮਤੀ ਨਾਲ ਹੋ ਸਕਦਾ ਹੈ।

## ਮਾਮਲਾ ਉਜਾਗਰ ਕਿਵੇਂ ਹੋਇਆ

25 ਜਨਵਰੀ ਨੂੰ ਬਜ਼ੁਰਗ ਮੁਸਲਮਾਨ ਔਰਤ ਰੱਜੋ ਦੀ ਮੌਤ ਹੋ ਗਈ ਸੀ। ਮਗਰੋਂ ਉਸਨੂੰ ਦਫਨਾਉਣ ਵਾਸਤੇ ਉਸਦੇ ਪਰਿਵਾਰ ਅਤੇ ਰਿਸ਼ਤੇਦਾਰਾਂ ਨੂੰ ਪਹਿਲਾਂ ਖੇਤਾਂ ਦੇ ਮਾਲਕਾਂ ਤੋਂ ਆਗਿਆ ਲੈਣੀ ਪਈ। ਆਗਿਆ ਮਿਲਣ ਮਗਰੋਂ ਉਹ ਖੜ੍ਹੀ ਕਣਕ ਵਿੱਚੋਂ ਲੰਘ ਕੇ ਕਬਰਿਸਤਾਨ ਤੱਕ ਪਹੁੰਚੇ। ਰੱਜੋ ਇਸ ਪਿੰਡ ਦੇ ਹੀ ਵਸਨੀਕ ਬੂਟਾ ਖਾਨ ਦੀ ਭਰਜਾਈ ਸੀ। ਆਪਣੀ ਭਾਬੀ ਨੂੰ ਦਫਨਾਉਣ ਮਗਰੋਂ ਬੂਟਾ ਖਾਨ ਨੇ ਪਿੰਡ ਦੀ ਪੰਚਾਇਤ ਕੋਲ ਇਕ ਰਸਤਾ ਮੁਹੱਈਆ ਕਰਵਾਏ ਜਾਣ ਦੀ ਮੰਗ ਕੀਤੀ ਹੈ। ਉਹ ਕਹਿੰਦੇ ÷ਆਪਣੇ ਮ੍ਰਿਤਕ ਪਰਿਵਾਰਕ ਮੈਂਬਰਾਂ ਨੂੰ ਦਫ਼ਨਾਉਣ ਤੋਂ ਪਹਿਲਾਂ ਸਾਨੂੰ ਜ਼ਮੀਨ ਮਾਲਕਾਂ ਦੇ ਤਰਲੇ ਕਰਨੇ ਪੈਂਦੇ ਹਨ। ਰੱਜੋ ਦੀ ਮੌਤ ਮਗਰੋਂ ਪਹਿਲਾਂ ਜ਼ਮੀਨ ਮਾਲਕ ਤੋਂ ਉਸ ਦੇ ਖੇਤਾਂ ਵਿੱਚੋਂ ਲੰਘਣ ਦੀ ਆਗਿਆ ਲਈ, ਫਿਰ ਉਹ ਜ਼ਮੀਨ ਠੇਕੇ ਉੱਤੇ ਲੈ ਕੇ ਖੇਤੀ ਕਰਨ ਵਾਲੇ ਕਿਸਾਨ ਤੋਂ ਆਗਿਆ ਲਈ। ਮਗਰੋਂ ਅਸੀਂ ਖੜ੍ਹੀ ਕਣਕ ਵਿੱਚੋਂ ਰੱਜੋ ਦੀ ਲਾਸ਼ ਲੈ ਕੇ ਲੰਘੇ। ਕਈ ਵਾਰੀ ਤਾਂ ਫਸਲਾਂ ਵਿੱਚ ਪਾਣੀ ਵੀ ਖੜ੍ਹਾ ਹੁੰਦਾ ਹੈ ਅਤੇ ਸਾਨੂੰ ਉਸ ਵਿੱਚੋਂ ਲੰਘਣਾ ਪੈਂਦਾ ਹੈ।

# ਮਹਾਰਾਸ਼ਟਰ ਦੇ ਉਪ ਮੁੱਖ ਮੰਤਰੀ ਦਾ ਪਲੇਨ ਕ੍ਰੈਸ਼, ਬਾਰਾਮਤੀ ਹਵਾਈ ਜਹਾਜ਼ ਦੁਰਘਟਨਾ ਵਿੱਚ ਅਜੀਤ ਪਵਾਰ ਸਮੇਤ 5 ਜਣਿਆਂ ਦੀ ਮੌਤ



ਮੁੰਬਈ, : ਮਹਾਰਾਸ਼ਟਰ ਤੋਂ ਵੱਡੀ ਖ਼ਬਰ ਸਾਹਮਣੇ ਆ ਰਹੀ ਹੈ। ਸੂਬੇ ਦੇ ਬਾਰਾਮਤੀ ਵਿੱਚ ਇੱਕ ਪਲੇਨ ਕ੍ਰੈਸ਼ ਹੋ ਗਿਆ ਹੈ, ਜਿਸ ਵਿੱਚ ਐਨਸੀਪੀ ਨੇਤਾ ਅਤੇ ਡਿਪਟੀ CM ਅਜੀਤ ਪਵਾਰ ਸਵਾਰ ਸਨ। ਮਿਲੀ ਜਾਣਕਾਰੀ ਅਨੁਸਾਰ ਅਜੀਤ ਪਵਾਰ ਸਮੇਤ 5 ਜਾਨਿਆਂ ਦੀ ਮੌਤ ਹੋ ਗਈ ਹੈ।ਉਪ ਮੁੱਖ ਮੰਤਰੀ ਅਜੀਤ ਪਵਾਰ ਨੂੰ ਬੁੱਧਵਾਰ, 28 ਜਨਵਰੀ 2026 ਨੂੰ ਬਾਰਾਮਤੀ ਤਾਲੂਕਾ ਵਿੱਚ ਜ਼ਿਲ੍ਹਾ ਪਰਿਸ਼ਦ ਅਤੇ ਪੰਚਾਇਤ ਸੰਮਤੀ ਦੇ ਸਰਵਜਨਿਕ ਚੋਣ ਪ੍ਰਚਾਰ ਤਹਿਤ ਵੱਖ-ਵੱਖ ਸਭਾਵਾਂ ਨੂੰ ਸੰਬੋਧਨ ਕਰਨਾ ਸੀ। ਉਨ੍ਹਾਂ ਦਾ ਕਾਰਜਕ੍ਰਮ ਸਵੇਰੇ 10 ਵਜੇ ਨਿਰਾਵਾਗਜ ਤੋਂ ਸ਼ੁਰੂ ਹੋਣਾ ਸੀ। ਇਸ ਤੋਂ ਬਾਅਦ ਦੁਪਹਿਰ 12 ਵਜੇ ਪੰਢਰੇ ਵਿੱਚ ਸਭਾ, ਦੁਪਹਿਰ 3 ਵਜੇ ਕਰੰਜੇਪੁਲ ਵਿੱਚ ਜਨ ਸਭਾ ਨੂੰ ਸੰਬੋਧਨ ਅਤੇ ਆਖ਼ਰੀ ਕਾਰਜਕ੍ਰਮ ਸ਼ਾਮ 5:30 ਵਜੇ ਸੁਪਾ ਵਿੱਚ ਪ੍ਰਸਤਾਵਿਤ ਸੀ। ਪਰ ਲੈਂਡਿੰਗ ਦੇ ਦੌਰਾਨ ਹੀ ਹਾਦਸਾ ਵਾਪਰ ਗਿਆ ਅਤੇ ਪਲੇਨ ਕ੍ਰੈਸ਼ ਹੋਣ ਕਰਕੇ ਅਜੀਤ ਪਵਾਰ ਦੀ ਮੌਤ ਹੋ ਗਈ ਹੈ।ਮਹਾਰਾਸ਼ਟਰ ਦੇ ਡਿਪਟੀ CM ਅਜੀਤ ਪਵਾਰ (ਉਮਰ 66 ਸਾਲ) ਦਾ ਦੇਹਾਂਤ ਹੋ ਗਿਆ ਹੈ। ਬੁੱਧਵਾਰ ਸਵੇਰੇ ਬਾਰਾਮਤੀ ਵਿੱਚ ਉਨ੍ਹਾਂ ਦਾ ਪਲਾਨ ਕ੍ਰੈਸ਼ ਹੋ ਗਿਆ। ਦੱਸਿਆ ਜਾ ਰਿਹਾ ਹੈ ਕਿ ਇਹ ਹਾਦਸਾ ਬਾਰਾਮਤੀ ਏਅਰਪੋਰਟ ’ਤੇ ਲੈਂਡਿੰਗ ਦੌਰਾਨ ਵਾਪਰਿਆ।ਪਲਾਨ ਵਿੱਚ ਅਜੀਤ ਪਵਾਰ ਦੇ ਨਾਲ ਉਨ੍ਹਾਂ ਦਾ ਪਰਸਨਲ ਅਸਿਸਟੈਂਟ, ਸੁਰੱਖਿਆ ਕਰਮੀ ਅਤੇ ਪਲਾਨ ਸਟਾਫ ਵੀ ਮੌਜੂਦ ਸਨ, ਜਿਨ੍ਹਾਂ ਦੀ ਵੀ ਮੌਤ ਹੋ ਗਈ ਹੈ। ਹੁਣ ਤੱਕ ਮਿਲੀ ਜਾਣਕਾਰੀ ਮੁਤਾਬਕ, ਪਵਾਰ ਮੁੰਬਈ ਤੋਂ ਇੱਕ ਪ੍ਰਾਈਵੇਟ ਚਾਰਟਰਡ ਪਲਾਨ ਰਾਹੀਂ ਬਾਰਾਮਤੀ ਗਏ ਸਨ। ਉੱਥੇ ਲੈਂਡਿੰਗ ਸਮੇਂ ਪਲੇਨ ਰਨਵੇ ਤੋਂ ਫਿਸਲ ਗਿਆ। ਨਾਗਰਿਕ ਉਡਾਣ ਮਹਾਨਿਰਦੇਸ਼ਾਲਾ (4731) ਨੇ ਹਾਦਸੇ ਵਿੱਚ ਪੰਜ ਲੋਕਾਂ ਦੀ ਮੌਤ ਦੀ ਪੁਸ਼ਟੀ ਕੀਤੀ ਹੈ।ਅਜੀਤ ਪਵਾਰ ਮਹਾਰਾਸ਼ਟਰ ਪੰਚਾਇਤ ਚੋਣਾਂ ਲਈ ਬਾਰਾਮਤੀ ਵਿੱਚ ਚਾਰ ਸਭਾਵਾਂ ਵਿੱਚ ਸ਼ਾਮਲ ਹੋਣ ਜਾ ਰਹੇ ਸਨ। ਹਾਦਸੇ ਦੀ ਖ਼ਬਰ ਮਿਲਦੇ ਹੀ ਪਵਾਰ ਪਰਿਵਾਰ ਦੇ ਮੈਂਬਰ ਉਨ੍ਹਾਂ ਦੇ ਮੁੰਬਈ ਸਥਿਤ ਨਿਵਾਸ ਵੱਲ ਰਵਾਨਾ ਹੋ ਗਏ ਹਨ।ਅਜੀਤ ਅਨੰਤਰਾਓ ਪਵਾਰ ਦਾ ਜਨਮ 22 ਜੁਲਾਈ, 1959 ਨੂੰ ਮਹਾਰਾਸ਼ਟਰ ਦੇ ਅਹਿਮਦਨਗਰ ਜ਼ਿਲ੍ਹੇ ਵਿੱਚ ਹੋਇਆ ਸੀ। ਉਹ ਐਨਸੀਪੀ ਮੁਖੀ ਸ਼ਰਦ ਪਵਾਰ ਦੇ ਵੱਡੇ ਭਰਾ ਅਨੰਤਰਾਓ ਪਵਾਰ ਦੇ ਪੁੱਤਰ ਹਨ। ਉਨ੍ਹਾਂ ਦੇ ਪਿਤਾ ਵੀ. ਸ਼ਾਂਤਾਰਾਮ ਦੇ ਰਾਜਕਮਲ ਸਟੂਡੀਓ ਵਿੱਚ ਕੰਮ ਕਰਦੇ ਸੀ। ਅਜੀਤ ਪਵਾਰ ਆਪਣੇ ਚਾਚਾ ਸ਼ਰਦ ਪਵਾਰ ਦੇ ਨਕਸ਼ੇ ਕਦਮਾਂ ’ਤੇ ਚੱਲਦੇ ਹੋਏ ਰਾਜਨੀਤੀ ਵਿੱਚ ਆਏ। ਉਹ ਜਨਤਾ ਅਤੇ ਸਮਰਥਕਾਂ ਵਿੱਚ ‘ਦਾਦਾ’ ਵਜੋਂ ਮਸ਼ਹੂਰ ਰਹੇ ਸਨ।

ਉਨ੍ਹਾਂ ਨੇ ਆਪਣੀ ਮੁੱਢਲੀ ਸਿੱਖਿਆ ਦੇਵਲੀ ਪ੍ਰਵਰ ਤੋਂ ਅਤੇ ਸੈਕੰਡਰੀ ਸਿੱਖਿਆ ਮਹਾਰਾਸ਼ਟਰ ਸਿੱਖਿਆ ਬੋਰਡ ਤੋਂ ਪ੍ਰਾਪਤ ਕੀਤੀ। ਉਨ੍ਹਾਂ ਦੀ ਸਿੱਖਿਆ ਸੈਕੰਡਰੀ ਪੱਧਰ ਤੱਕ ਰਹੀ।ਉਨ੍ਹਾਂ ਨੇ ਖੇਤੀਬਾੜੀ, ਬਾਗਬਾਨੀ, ਬਿਜਲੀ ਅਤੇ ਜਲ ਸਰੋਤ ਮੰਤਰੀ ਵਰਗੇ ਮਹੱਤਵਪੂਰਨ ਅਹੁਦਿਆਂ ’ਤੇ ਕੰਮ ਕੀਤਾ। ਜਲ ਸਰੋਤ ਮੰਤਰੀ ਹੋਣ ਦੇ ਨਾਤੇ, ਉਹ ਕ੍ਰਿਸ਼ਨਾ ਘਾਟੀ ਅਤੇ ਕੋਂਕਣ ਸਿੰਚਾਈ ਪ੍ਰੋਜੈਕਟਾਂ ਲਈ ਜ਼ਿੰਮੇਵਾਰ ਸਨ।

## ਅਜੀਤ ਪਵਾਰ ਦਾ ਬੇਵਕਤੀ ਦੇਹਾਂਤ ਨਾ ਪੂਰਾ ਹੋਣ ਵਾਲਾ ਘਾਟਾ : ਰਾਸ਼ਟਰਪਤੀ ਮੁਰਮੂ



ਰਾਸ਼ਟਰਪਤੀ ਦਰੋਪਦੀ ਮੁਰਮੂ ਨੇ ਕਿਹਾ ਕਿ ਮਹਾਰਾਸ਼ਟਰ ਦੇ ਬਾਰਾਮਤੀ ਵਿਚ ਇਕ ਜਹਾਜ਼ ਹਾਦਸੇ ਵਿਚ ਮਹਾਰਾਸ਼ਟਰ ਦੇ ਉਪ ਮੁੱਖ ਮੰਤਰੀ ਸ੍ਰੀ ਅਜੀਤ ਪਵਾਰ ਸਮੇਤ ਕਈ ਲੋਕਾਂ ਦੀ ਮੌਤ ਦੀ ਖ਼ਬਰ ਬਹੁਤ ਦੁਖਦਾਈ ਹੈ। ਅਜੀਤ ਪਵਾਰ ਜੀ ਦਾ ਬੇਵਕਤੀ ਦਿਹਾਂਤ ਇਕ ਨਾ ਪੂਰਾ ਹੋਣ ਵਾਲਾ ਘਾਟਾ ਹੈ। ਉਨ੍ਹਾਂ ਨੂੰ ਮਹਾਰਾਸ਼ਟਰ ਦੇ ਵਿਕਾਸ ਵਿਚ ਖਾਸ ਕਰਕੇ ਸਹਿਕਾਰੀ ਖੇਤਰ ਵਿਚ ਉਨ੍ਹਾਂ ਦੇ ਵਿਸ਼ੇਸ਼ ਯੋਗਦਾਨ ਲਈ ਹਮੇਸ਼ਾ ਯਾਦ ਰੱਖਿਆ ਜਾਵੇਗਾ। ਮੈਂ ਉਨ੍ਹਾਂ ਦੇ ਪਰਿਵਾਰ, ਸਮਰਥਕਾਂ ਅਤੇ ਪ੍ਰਸ਼ੰਸਕਾਂ ਪ੍ਰਤੀ ਡੂੰਘੀ ਸੰਵੇਦਨਾ ਪ੍ਰਗਟ ਕਰਦੀ ਹਾਂ।

## ਪ੍ਰਧਾਨ ਮੰਤਰੀ ਵੱਲੋਂ ਮਹਾਰਾਸ਼ਟਰ ਦੇ ਉਪ ਮੁੱਖ ਮੰਤਰੀ ਅਜੀਤ ਪਵਾਰ ਦੇ ਦੇਹਾਂਤ ’ਤੇ ਦੁੱਖ ਪ੍ਰਗਟ



ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਮਹਾਰਾਸ਼ਟਰ ਦੇ ਉਪ ਮੁੱਖ ਮੰਤਰੀ ਅਜੀਤ ਪਵਾਰ ਦੇ ਦਿਹਾਂਤ ’ਤੇ ਦੁੱਖ ਪ੍ਰਗਟ ਕੀਤਾ ਹੈ।ਉਨ੍ਹਾਂ ਟਵੀਟ ਕਰ ਕਿਹਾ ਕਿ ਸ੍ਰੀ ਅਜੀਤ ਪਵਾਰ ਜੀ ਲੋਕਾਂ ਦੇ ਨੇਤਾ ਸਨ, ਜਿਨ੍ਹਾਂ ਦਾ ਜ਼ਮੀਨੀ ਪੱਧਰ ’ਤੇ ਮਜ਼ਬੂਤ ਸੰਬੰਧ ਸੀ। ਉਨ੍ਹਾਂ ਦਾ ਬੇਵਕਤੀ ਦਿਹਾਂਤ ਬਹੁਤ ਹੈਰਾਨ ਕਰਨ ਵਾਲਾ ਅਤੇ ਦੁਖਦਾਈ ਹੈ। ਉਨ੍ਹਾਂ ਦੇ ਪਰਿਵਾਰ ਅਤੇ ਅਣ-ਗਿਣਤ ਪ੍ਰਸ਼ੰਸਕਾਂ ਪ੍ਰਤੀ ਸੰਵੇਦਨਾ। ਓਮ ਸ਼ਾਂਤੀ।

# ਕੈਨੇਡਾ ’ਚ ਫਿਰੌਤੀ ਤੇ ਗੋਲੀਬਾਰੀ ਦੀਆਂ ਘਟਨਾਵਾਂ ਕੰਟਰੋਲ ਕਿਉਂ ਨਹੀਂ ਹੋ ਰਹੀਆਂ

## ਸਰੀ ਦੀ ਮੇਅਰ ਨੇ ਐਮਰਜੈਂਸੀ ਐਲਾਨਣ ਦੀ ਮੰਗ ਕਿਉਂ ਕੀਤੀ





ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ ਦੇ ਸਰੀ ਸ਼ਹਿਰ ਦੀ ਮੇਅਰ ਨੇ ਸ਼ਹਿਰ ਵਿੱਚ ਫਿਰੌਤੀ ਦੀਆਂ ਵਧਦੀਆਂ ਘਟਨਾਵਾਂ ਨਾਲ ਨਜਿੱਠਣ ਤੋਂ ਹੱਥ ਖੜ੍ਹੇ ਕਰ ਦਿੱਤੇ ਹਨ, ਇਸ ਕਰ ਕੇ ਉਨ੍ਹਾਂ ਫੈਡਰਲ ਸਰਕਾਰ (ਕੇਂਦਰ ਸਰਕਾਰ) ਨੂੰ ਇਸ ਮੁੱਦੇ ਉੱਤੇ ਐਮਰਜੈਂਸੀ ਐਲਾਨਣ ਦੀ ਮੰਗ ਕੀਤੀ ਹੈ। ਇਸ ਸਬੰਧੀ ਸਰੀ ਸ਼ਹਿਰ ਦੀ ਮੇਅਰ ਬਰੈਂਡਾ ਲੌਕ ਵੱਲੋਂ ਬਕਾਇਦਾ ਹਾਊਸ ਵਿੱਚ ਮਤਾ ਪੇਸ਼ ਕੀਤਾ, ਜਿਸ ਨੂੰ ਪਾਸ ਵੀ ਕਰ ਦਿੱਤਾ ਗਿਆ ਹੈ। ਦੂਜੇ ਪਾਸੇ ਕੈਨੇਡਾ ਸਰਕਾਰ ਨੇ ਸਰੀ ਮੇਅਰ ਦੀ ਐਮਰਜੈਂਸੀ ਦੀ ਮੰਗ ਤਾਂ ਫ਼ਿਲਹਾਲ ਸਵੀਕਾਰ ਨਹੀਂ ਕੀਤੀ ਪਰ ਫੈਡਰਲ ਸਰਕਾਰ ਹਰਕਤ ਵਿੱਚ ਜ਼ਰੂਰ ਆ ਗਈ ਹੈ। ਕੈਨੇਡਾ ਸਰਕਾਰ ਨੇ ਸਪਸ਼ਟ ਕੀਤਾ ਹੈ, ÷ਫਿਰੌਤੀ ਦੀਆਂ ਘਟਨਾਵਾਂ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਅਤੇ ਇਸ ਸਬੰਧ ਵਿੱਚ ਰਾਇਲ ਮਾਊਂਟਿਡ ਕੈਨੇਡੀਅਨ ਪੁਲਿਸ (ਆਰਸੀਐੱਮਪੀ) ਦੇ 20 ਅਧਿਕਾਰੀਆਂ ਦੀ ਸਰੀ ਸ਼ਹਿਰ ਵਿੱਚ ਤੁਰੰਤ ਤੈਨਾਤੀ ਕਰ ਦਿੱਤੀ ਗਈ ਹੈ। ਸਰੀ ਵਿੱਚ ਵਿਗੜਦੀ ਕਾਨੂੰਨ ਵਿਵਸਥਾ ਦੇ ਮੁੱਦੇ ਉੱਤੇ ਕੈਨੇਡਾ ਵਿੱਚ ਸਿਆਸਤ ਵੀ ਗਰਮਾ ਗਈ ਹੈ।

ਕੰਜ਼ਰਵੇਟਿਵ ਦੇ ਆਗੂ ਪੀਏਰ ਪੋਲੀਏਵ ਨੇ ਐਕਸ ਉੱਤੇ ਲਿਖਿਆ, ÷ਸਰੀ ਐਮਰਜੈਂਸੀ ਦੇ ਹਾਲਤ ਨਾਲ ਜੂਝ ਰਿਹਾ ਹੈ, ਇੱਕ ਮਹੀਨੇ ਵਿੱਚ ਫਿਰੌਤੀ ਦੀਆਂ 35 ਰਿਪੋਰਟਾਂ ਆਈਆਂ ਹਨ, ਭਾਈਚਾਰਾ ਖ਼ਤਰੇ ਵਿੱਚ ਹੈ, ਲੋਕ ਆਪਣਾ ਘਰ ਛੱਡਣ ਤੋਂ ਡਰਦੇ ਹਨ, ਕਾਰੋਬਾਰ ਬੰਦ ਹੋ ਰਹੇ ਹਨ। ਲਿਬਰਲ ਸਰਕਾਰ ਨੇ ਫਿਰੌਤੀ ਦੀਆਂ ਘਟਨਾਵਾਂ ਨਾਲ ਜੂਝਣ ਵਾਲੇ ਕਾਨੂੰਨ ਨੂੰ ਕਮਜ਼ੋਰ ਬਣਾ ਦਿੱਤਾ ਹੈ ਅਤੇ ਮਾਰਕ ਕਾਰਨੀ ਨੇ ਆਪਣੇ ਕਾਰਜਕਾਲ ਦੇ ਇੱਕ ਸਾਲ ਬਾਅਦ ਵੀ ਜ਼ਮਾਨਤ ਕਾਨੂੰਨ ਵਿੱਚ ਕੋਈ ਬਦਲਾਅ ਨਹੀਂ ਕੀਤਾ, ਬਹੁਤ ਹੋ ਗਿਆ ਹੁਣ ਅਪਰਾਧ ਕਰਨ ਵਾਲੇ ਗ਼ੈਰ-ਨਾਗਰਿਕਾਂ ਨੂੰ ਦੇਸ਼ ਵਿੱਚੋਂ ਬਾਹਰ ਕੱਢੋ। ਦੂਜੇ ਪਾਸੇ ਸਰੀ ਦੀ ਮੇਅਰ ਦਾ ਕਹਿਣਾ ਹੈ ਕਿ ਸ਼ਹਿਰ ਪਿਛਲੇ ਤਿੰਨ ਸਾਲ ਤੋਂ ਇਸ ਸੰਕਟ ਨਾਲ ਜੂਝ ਰਿਹਾ ਹੈ, ਪੁਲਿਸ ਅਤੇ ਸੂਬਾਈ ਸਰਕਾਰ ਦੇ ਯਤਨਾਂ ਦੇ ਬਾਵਜੂਦ ਇਹ ਅੰਤਰਰਾਸ਼ਟਰੀ ਅਪਰਾਧ ਰੁਕ ਨਹੀਂ ਪਾ ਰਿਹਾ ਅਤੇ ਹੁਣ ਇਸ ਮੁੱਦੇ ਉੱਤੇ ਕੌਮੀ ਪੱਧਰ ਉੱਤੇ ਕੋਸ਼ਿਸ਼ ਕਰਨ ਦੀ ਜ਼ਰੂਰਤ ਹੈ। ਯਾਦ ਰਹੇ ਕਿ ਬ੍ਰਿਟਿਸ਼ ਕੋਲੰਬੀਆ ਵਿੱਚ ਵੱਡੀ ਗਿਣਤੀ ਵਿੱਚ ਦੱਖਣੀ ਏਸ਼ੀਆਈ ਖ਼ਾਸ ਤੌਰ ਉੱਤੇ ਪੰਜਾਬੀ ਭਾਈਚਾਰਾ ਰਹਿੰਦਾ ਹੈ ਅਤੇ ਇੱਥੇ ਹੀ ਇਨ੍ਹਾਂ ਦੇ ਕਾਰੋਬਾਰ ਹਨ। ਸਰੀ ਤੋਂ ਇਲਾਵਾ ਐਬਟਸਫੋਰਡ, ਡੈਲਟਾ ਇਲਾਕੇ ਵਿੱਚ ਰਹਿਣ ਵਾਲੇ ਲੋਕ ਅਤੇ ਕਾਰੋਬਾਰੀ ਫਿਰੌਤੀ ਮੰਗਣ ਦੀਆਂ ਵਧਦੀਆਂ ਘਟਨਾਵਾਂ ਤੋਂ ਪਰੇਸ਼ਾਨ ਹਨ। ਇਸ ਕਰ ਕੇ ਬੀਤੇ ਐਤਵਾਰ ਨੂੰ ਸਰੀ ਵਿੱਚ ਕਾਰੋਬਾਰੀਆਂ ਅਤੇ ਆਮ ਲੋਕਾਂ ਨੇ ਇਕੱਠੇ ਹੋਏ ਕੇ ਜਬਰਨ ਵਸੂਲੀ ਦੀਆਂ ਵੱਧਦੀਆਂ ਘਟਨਾਵਾਂ ਨੂੰ ਰੋਕਣ ਦੇ ਲਈ ਪ੍ਰਦਰਸ਼ਨ ਕੀਤਾ। ਇਕੱਲਾ ਸਰੀ ਹੀ ਨਹੀਂ ਬਲਕਿ ਟੋਰਾਂਟੋ ਅਤੇ ਬਰੈਂਪਟਨ ਸ਼ਹਿਰ ਵਿੱਚ ਰਹਿਣ ਵਾਲੇ ਦੱਖਣੀ ਏਸ਼ੀਆਈ ਭਾਈਚਾਰੇ ਦੇ ਲੋਕ ਫਿਰੌਤੀ ਅਤੇ ਗੋਲੀਬਾਰੀ ਦੀਆਂ ਘਟਨਾਵਾਂ ਕਾਰਨ ਸਹਿਮ ਵਿੱਚ ਹਨ। ਯਾਦ ਰਹੇ ਮਸ਼ਹੂਰ ਕਾਮੇਡੀਅਨ ਕਪਿਲ ਸ਼ਰਮਾ ਦੇ ਸਰੀ ਸਥਿਤ ਕੈਫ਼ੇ ਉੱਤੇ ਵੀ ਕਈ ਵਾਰ ਗੋਲੀਆਂ ਚੱਲ ਚੁੱਕੀਆਂ ਹਨ। ਕੈਨੇਡਾ ਦੇ ਸੀਬੀਸੀ ਚੈਨਲ ਦੀ ਰਿਪੋਰਟ ਦੇ ਮੁਤਾਬਕ ਬੀਤੇ ਸਾਲ 2025 ਇਕੱਲੇ ਸਰੀ ਸ਼ਹਿਰ ਵਿੱਚ ਵਿੱਚ ਫਿਰੌਤੀ ਵਸੂਲਣ ਦੀਆਂ 132 ਕੋਸ਼ਿਸ਼ ਹੋਈਆਂ, ਜਿਸ ਵਿੱਚ 49 ਮਾਮਲਿਆਂ ਵਿੱਚ ਘਰਾਂ ਅਤੇ ਵਪਾਰਕ ਸਥਾਨਾਂ ਉੱਤੇ ਗੋਲੀਆਂ ਵੀ ਚਲਾਈਆਂ ਗਈਆਂ। ਇਸੀ ਤਰੀਕੇ ਨਾਲ ਐਬਟਸਫੋਰਡ ਅਤੇ ਡੈਲਟਾ ਵਿੱਚ ਵੀ ਦਰਜਨਾਂ ਹੋਰ ਮਾਮਲੇ ਰਿਪੋਰਟ ਕੀਤੇ ਗਏ ਹਨ।

### ਐਮਰਜੈਂਸੀ ਦਾ ਕੀ ਹੈ ਮਤਲਬ

ਕੈਨੇਡਾ ਵਿੱਚ ਕ੍ਰਾਈਮ ਨੂੰ ਲੈ ਕੇ ਐਮਰਜੈਂਸੀ ਦਾ ਮਤਾ ਪਾਸ ਕਰਨ ਦਾ ਮਤਲਬ ਹੈ ਪੁਲਿਸ ਨੂੰ ਅਪਰਾਧ ਨੂੰ ਰੋਕਣ ਦੇ ਲਈ ਜ਼ਿਆਦਾ ਅਧਿਕਾਰ ਅਤੇ ਸਾਧਨ ਮੁਹੱਈਆ ਕਰਵਾਏ ਜਾਣ। ਇਸ ਤੋਂ ਇਲਾਵਾ ਸਿਟੀ ਵਿੱਚ ਸਥਾਨਕ ਪੁਲਿਸ ਤੋਂ ਇਲਾਵਾ ਰਾਇਲ ਮਾਊਂਟਿਡ ਕੈਨੇਡੀਅਨ ਪੁਲਿਸ (ਆਰਸੀਐੱਮਪੀ) ਅਤੇ ਫੈਡਰਲ ਕ੍ਰਾਈਮ ਯੂਨਿਟ ਦੀ ਤੈਨਾਤੀ ਕੀਤੀ ਜਾਵੇ ਜੋ ਕਿ ਹੁਣ ਹੋ ਵੀ ਗਈ ਹੈ। ਇਸੀ ਤਹਿਤ ਫੈਡਰਲ-ਸੂਬਾਈ ਅਤੇ ਮਿਊਂਸੀਪਲ ਸਾਂਝੀ ਟਾਸਕ ਫੋਰਸ ਦੀ ਅਗਵਾਈ ਆਰਸੀਐੱਮਪੀ ਵੱਲੋਂ ਕੀਤੀ ਜਾਵੇਗੀ, ਜਿਸ ਨੂੰ ਫਿਰੌਤੀ ਨਾਲ ਸਬੰਧਿਤ ਅਪਰਾਧ ਵਿੱਚ ਤੇਜ਼ੀ ਨਾਲ ਕਾਰਵਾਈ ਕਰਨ ਦਾ ਅਧਿਕਾਰ ਹੋਵੇਗਾ। ਇਸ ਦੇ ਨਾਲ ਹੀ ਫਿਰੌਤੀ, ਗੋਲੀਬਾਰੀ ਨਾਲ ਸਬੰਧਿਤ ਮਾਮਲਿਆਂ ਵਿੱਚ ਹਿੱਸੇਦਾਰੀ ਦੇ ਇਲਜ਼ਾਮਾਂ ਹੇਠ ਚਾਰਜ ਕੀਤੇ ਗਏ ਜਾਂ ਦੋਸ਼ੀ ਠਹਿਰਾਏ ਗਏ ਗ਼ੈਰ ਕੈਨੇਡੀਅਨ ਨਾਗਰਿਕਾਂ ਨੂੰ ਤੇਜ਼ੀ ਨਾਲ ਦੇਸ਼ ਤੋਂ ਬਾਹਰ ਕੀਤਾ ਜਾ ਸਕੇਗਾ। ਸਰੀ ਸਿਟੀ ਕੌਂਸਲ ਵੱਲੋਂ ਪਾਸ ਕੀਤੇ ਗਏ ਪ੍ਰਸਤਾਵ ਤੋਂ ਬਾਅਦ ਫੈਡਰਲ ਸਰਕਾਰ ਵੀ ਹਰਕਤ ਵਿੱਚ ਆ ਗਈ ਹੈ। ਕੈਨੇਡਾ ਦੇ ਪਬਲਿਕ ਸੇਫ਼ਟੀ ਮੰਤਰੀ ਗੈਰੀ ਆਨੰਦਸੰਗਰੀ ਨੇ ਸੰਸਦ ਵਿੱਚ ਦੱਸਿਆ ਕਿ ਸਰਕਾਰ ਫਿਰੌਤੀ ਮੰਗਣ ਦੀਆਂ ਘਟਨਾਵਾਂ ਨੂੰ ਗੰਭੀਰਤਾ ਨਾਲ ਲੈ ਰਹੀ ਹੈ। ਉਨ੍ਹਾਂ ਦੱਸਿਆ ਕਿ ਸਰੀ ਅਤੇ ਇਸ ਦੇ ਆਸ ਪਾਸ ਦੇ ਇਲਾਕਿਆਂ ਵਿੱਚ ਅਪਰਾਧੀਆਂ ਖ਼ਿਲਾਫ਼ ਕਾਰਵਾਈ ਦੇ ਲਈ ਦੋ ਹੈਲੀਕਾਪਟਰਾਂ ਤੋਂ ਇਲਾਵਾ ਆਰਸੀਐੱਮਪੀ ਦੇ 20 ਅਧਿਕਾਰੀਆਂ ਦੀ ਤੈਨਾਤੀ ਕੀਤੀ ਗਈ ਹੈ।

**ਕੁਦਰਤੀ ਖ਼ੂਬਸੂਰਤੀ ਲਈ ਮਸ਼ਹੂਰ ਸਰੀ ਕਿਵੇਂ ਬਣਾ ਗਿਆ ਅਪਰਾਧ ਦਾ ਗੜ੍ਹ**

ਕੁਦਰਤੀ ਸੁੰਦਰਤਾ, ਝਰਨਿਆਂ, ਝੀਲਾਂ ਅਤੇ ਪਹਾੜੀਆਂ ਕੈਨੇਡਾ ਦੇ ਬ੍ਰਿਟਿਸ ਕੋਲੰਬੀਆਂ ਸ਼ਹਿਰ ਦੀ ਪਛਾਣ ਹੈ, ਪਰ ਫਿਰੌਤੀਆਂ ਅਤੇ ਗੋਲੀਬਾਰੀ ਦੀਆਂ ਘਟਨਾਵਾਂ ਨੇ ਵੀ ਸਰੀ ਸ਼ਹਿਰ ਨੂੰ ਅਪਰਾਧ ਦੀ ਦੁਨੀਆ ਦੇ ਨਕਸ਼ੇ ਉੱਤੇ ਵੀ ਲਿਆ ਕੇ ਖੜ੍ਹਾ ਕਰ ਦਿੱਤਾ ਹੈ। ਸਰੀ ਵਿੱਚ ਫਿਰੌਤੀਆਂ ਵਸੂਲਣ ਦਾ ਅਪਰਾਧ ਕਿੰਨਾ ਵੱਧ ਚੁੱਕਾ ਹੈ, ਇਸ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਸਿਟੀ ਪੁਲਿਸ ਨੇ ਬਕਾਇਦਾ ਇੱਕ ਵੱਖਰਾ ਯੂਨਿਟ ਇਸ ਅਪਰਾਧ ਨਾਲ ਨਜਿੱਠਣ ਲਈ ਸਥਾਪਤ ਕੀਤਾ ਹੋਇਆ ਹੈ। ਸਰੀ ਪੁਲਿਸ ਚੀਫ਼ ਨੌਰਮ ਲਿਪਿੰਸਕੀ ਨੇ 15 ਸਤੰਬਰ 2025 ਨੂੰ ਪ੍ਰੈੱਸ ਨੋਟ ਵਿੱਚ ਮੰਨਿਆ ਸੀ, ÷ਫਿਰੌਤੀ ਦੇ ਮਾਮਲੇ ਦੀ ਜਾਂਚ ਬਹੁਤ ਜਟਿਲ ਹੈ ਕਿਉਂਕਿ ਇਸ ਦੀਆਂ ਤਾਰਾਂ ਅਕਸਰ ਦੇਸ਼ ਦੇ ਅੰਦਰ ਅਤੇ ਬਾਹਰ ਕੰਮ ਕਰਨ ਵਾਲੇ ਸੰਗਠਿਤ ਅਪਰਾਧੀ ਗਰੁੱਪਾਂ ਨਾਲ ਜੁੜੀਆਂ ਹੁੰਦੀਆਂ ਹਨ, ਇਸ ਕਰ ਕੇ ਪੁਲਿਸ ਜਾਂਚ ਨੂੰ ਅੱਗੇ ਵਧਾਉਣ ਵਾਲੀ ਜਾਣਕਾਰੀ ਹਾਸਲ ਕਰਨਾ ਚੁਣੌਤੀ ਭਰਿਆ ਹੈ। ਸਰੀ ਵਿੱਚ ਅਧਿਆਪਕ ਦੇ ਕਿੱਤੇ ਨਾਲ ਸਬੰਧਿਤ ਪਰਮਵੀਰ ਸਿੰਘ ਕਾਹਲੋਂ ਨੇ ਬੀਬੀਸੀ ਪੰਜਾਬੀ ਨੂੰ ਫ਼ੋਨ ਉੱਤੇ ਦੱਸਿਆ ਕਿ ਪਿਛਲੇ ਇੱਕ ਸਾਲ ਤੋਂ ਸ਼ਹਿਰ ਦੇ ਹਾਲਤ ਕਾਫ਼ੀ ਖ਼ਰਾਬ ਹੋ ਗਏ ਹਨ।

ਪਰਮਵੀਰ ਸਿੰਘ ਕਾਹਲੋਂ ਪਿਛਲੇ 15 ਸਾਲਾਂ ਤੋਂ ਸਰੀ ਵਿੱਚ ਰਹਿੰਦੇ ਹਨ, ÷ਉਨ੍ਹਾਂ ਮੁਤਾਬਕ ਪਹਿਲਾਂ ਅਜਿਹਾ ਮਾਹੌਲ ਨਹੀਂ ਸੀ, ਇਮੀਗ੍ਰੇਸ਼ਨ ਖੁੱਲਣ ਤੋਂ ਬਾਅਦ ਪਿਛਲੇ ਦੋ ਸਾਲਾਂ ਵਿੱਚ ਅਪਰਾਧ ਦੀਆਂ ਘਟਨਾਵਾਂ ਵਿੱਚ ਵਾਧਾ ਹੋਇਆ ਹੈ, ਜਿਸ ਕਾਰਨ ਹੁਣ ਫਿਰੌਤੀ ਅਤੇ ਗੋਲੀਬਾਰੀ ਦੀਆਂ ਘਟਨਾਵਾਂ ਕਾਰਨ ਲੋਕਾਂ ਵਿੱਚ ਸਹਿਮ ਦਾ ਮਾਹੌਲ ਪੈਦਾ ਹੋ ਗਿਆ ਹੈ। ÷ਉਨ੍ਹਾਂ ਦੱਸਿਆ ਕੈਨੇਡਾ ਦਾ ਕਾਨੂੰਨ ਬਹੁਤ ਨਰਮ ਹੈ, ਜਿਸ ਨੂੰ ਸਖ਼ਤ ਕੀਤੇ ਜਾਣ ਦੀ ਲੋੜ ਹੈ। ਉਨ੍ਹਾਂ ਦੱਸਿਆ ਕਿ ਜੇਕਰ ਕੋਈ ਵਿਅਕਤੀ ਅਪਰਾਧ ਕਰਦਾ ਹੈ ਅਤੇ ਪੁਲਿਸ ਨੂੰ ਫੜ ਵੀ ਲੈਂਦੀ ਹੈ ਤਾਂ ਉਹ ਦੂਜੇ ਦਿਨ ਜ਼ਮਾਨਤ ਲੈ ਕੇ ਬਾਹਰ ਆ ਜਾਂਦਾ ਹੈ, ਇਸ ਕਰਕੇ ਲੋਕਾਂ ਵਿੱਚ ਕਾਨੂੰਨ ਦਾ ਡਰ ਨਹੀਂ ਹੈ। ਡਰ ਅਤੇ ਸਹਿਮ ਦੇ ਮਾਹੌਲ ਦਾ ਅੰਦਾਜ਼ਾ ਇਸੀ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਬੀਬੀਸੀ ਪੰਜਾਬੀ ਨੇ ਸਰੀ ਦੇ ਕਈ ਕਾਰੋਬਾਰੀਆਂ ਨਾਲ ਗੱਲ ਕਰਨ ਦੀ ਕੋਸ਼ਿਸ਼ ਕੀਤੀ ਪਰ ਉਨ੍ਹਾਂ ਇਸ ਮੁੱਦੇ ਕੁਝ ਵੀ ਬੋਲਣ ਤੋਂ ਇਨਕਾਰ ਕਰ ਦਿੱਤਾ। ਸਰੀ ਵਿੱਚ ਕਨੈਕਟ ਰੇਡੀਉ ਦੇ ਪੱਤਰਕਾਰ ਪਰਵੇਜ਼ ਸੰਧੂ ਨੇ ਦੱਸਿਆ ਕਿ ਫਿਰੌਤੀ ਦਾ ਮਸਲਾ ਇਕੱਲਾ ਸਰੀ ਦਾ ਨਹੀਂ ਬਲਕਿ ਪੂਰੇ ਕੈਨੇਡਾ ਦਾ ਮਸਲਾ ਬਣ ਚੁੱਕਾ ਹੈ। ਉਨ੍ਹਾਂ ਦੱਸਿਆ ਸਰੀ ਤੋਂ ਇਲਾਵਾ ਡੈਲਟਾ, ਕੈਲਗਰੀ, ਐਡਮਿੰਟਨ ਅਤੇ ਗ੍ਰੇਟਰ ਟਰਾਂਟੋ ਇਲਾਕੇ ਵਿੱਚ ਵੀ ਲੋਕ ਫਿਰੌਤੀ ਦੀਆਂ ਘਟਨਾਵਾਂ ਤੋਂ ਪਰੇਸ਼ਾਨ ਹਨ।

ਉਨ੍ਹਾਂ ਦੱਸਿਆ ਕਿ ਕੈਨੇਡਾ ਵਿੱਚ ਲੋਕ ਇਸ ਸਮੇਂ ਮਹਿੰਗਾਈ ਅਤੇ ਘਰਾਂ ਦੀ ਥੁੜ ਦੀ ਗੱਲ ਨਹੀਂ ਕਰਦੇ, ਸਗੋਂ ਵਿਗੜਦੀ ਕਾਨੂੰਨ ਵਿਵਸਥਾ ਦੀ ਚਰਚਾ ਜ਼ਿਆਦਾ ਕਰ ਰਹੇ ਹਨ। ਉਨ੍ਹਾਂ ਦੱਸਿਆ, ਅਪਰਾਧੀਆਂ ਦੇ ਹੌਸਲੇ ਇੰਨੇ ਬੁਲੰਦ ਹਨ ਕਿ ਰੋਜ਼ਾਨਾ ਗੋਲੀਬਾਰੀ ਅਤੇ ਫਿਰੌਤੀ ਦੀਆਂ ਘਟਨਾਵਾਂ ਪੁਲਿਸ ਕੋਲ ਰਿਪੋਰਟ ਹੋ ਰਹੀਆਂ ਹਨ ਅਤੇ ਤੰਗ ਆਏ ਲੋਕਾਂ ਨੇ ਹੁਣ ਇਸ ਮੁੱਦੇ ਉੱਤੇ ਪ੍ਰਦਰਸ਼ਨ ਕਰਨਾ ਸ਼ੁਰੂ ਕਰ ਦਿੱਤਾ ਹੈ ਅਤੇ ਬੀਤੇ ਵੀਕ ਐਂਡ ਉੱਤੇ ਦੋ ਪ੍ਰਦਰਸ਼ਨ ਹੋ ਚੁੱਕੇ ਹਨ। ਪਰਵੇਜ਼ ਸੰਧੂ ਮੁਤਾਬਕ ÷ਫੈਡਰਲ ਸਰਕਾਰ ਨੂੰ ਇਸ ਮੁੱਦੇ ਵਿੱਚ ਸ਼ਾਮਲ ਕਰਨ ਦਾ ਮਤਲਬ ਇਹ ਵੀ ਹੈ, ਜੇਕਰ ਕਿਸੇ ਵਿਅਕਤੀ ਨੂੰ ਦੇਸ਼ ਨਿਕਲਾ ਦੇਣਾ ਹੈ, ਤਾਂ ਇਹ ਅਧਿਕਾਰ ਖੇਤਰ ਫੈਡਰਲ ਸਰਕਾਰ ਕੋਲ ਹੈ, ਇਸ ਕਰ ਕੇ ਮੇਅਰ ਨੇ ਇਸ ਵਿੱਚ ਫੈਡਰਲ ਸਰਕਾਰ ਨੂੰ ਸ਼ਾਮਲ ਕੀਤਾ ਹੈ।

**ਪੁਲਿਸ ਹਰਕਤ ’ਚ, ਪਰ ਨਹੀਂ ਰੁਕ ਰਹੀਆਂ ਘਟਨਾਵਾਂ**

ਇੱਕ ਪਾਸੇ ਸਰੀ ਪੁਲਿਸ ਅਤੇ ਹੋਰ ਏਜੰਸੀਆਂ ਫਿਰੌਤੀ ਅਤੇ ਗੋਲੀਬਾਰੀ ਦੀਆਂ ਘਟਨਾਵਾਂ ਨੂੰ ਰੋਕਣ ਲਈ ਹਰਕਤ ਵਿੱਚ ਹੈ, ਪਰ ਇਸ ਸਭ ਦੇ ਬਾਵਜੂਦ ਘਟਨਾਵਾਂ ਰੁਕ ਨਹੀਂ ਰਹੀਆਂ। 28 ਜਨਵਰੀ ਨੂੰ ਸਰੀ ਨੇੜਲੇ ਇਲਾਕੇ ਨਿਊਟਨ ਵਿਖੇ ਇੱਕ ਇੰਡੀਅਨ ਹੋਟਲ ਨੂੰ ਨਿਸ਼ਾਨਾ ਬਣਾ ਕੇ ਉਸ ਉੱਤੇ ਗੋਲੀਆਂ ਚਲਾਈਆਂ ਗਈਆਂ। ਸਰੀ ਪੁਲਿਸ ਵੱਲੋਂ ਜਾਰੀ ਕੀਤੀ ਸੂਚਨਾ ਮੁਤਾਬਕ ਸ਼ਹਿਰ ਦੇ 8100 ਬਲਾਕ ਆਫ਼ 120 ਸਟਰੀਟ ਵਿੱਚ ਗੋਲੀਬਾਰੀ ਦੀ ਰਿਪੋਰਟ ਮਿਲੀਆਂ। ਮੌਕੇ ਉੱਤੇ ਪਹੁੰਚਣ ਉੱਤੇ ਪੁਲਿਸ ਨੂੰ ਇੱਕ ਕਾਰੋਬਾਰ ਦੇ ਸ਼ੀਸ਼ੇ ਦੇ ਗੇਟ ਉੱਤੇ ਗੋਲੀਆਂ ਦੇ ਨਿਸ਼ਾਨ ਮਿਲੇ। ਇਸ ਘਟਨਾ ਵਿੱਚ ਕਿਸੇ ਨੂੰ ਵੀ ਚੋਟ ਨਹੀਂ ਲੱਗੀ। ਫ਼ਿਲਹਾਲ ਇਸ ਘਟਨਾ ਦੀ ਜਾਂਚ ਕੀਤੀ ਜਾ ਰਹੀ ਹੈ। ਇਸ ਦੇ ਨਾਲ ਹੀ ਸਰੀ ਪੁਲਿਸ ਨੇ 26 ਜਨਵਰੀ 2026 ਨੂੰ ਇਸ ਤਰਾਂ ਦੇ ਇੱਕ ਹੋਰ ਮਾਮਲੇ ਵਿੱਚ ਲੋੜੀਂਦੇ ਦੋ ਨੌਜਵਾਨਾਂ ਹਰਸ਼ਦੀਪ ਸਿੰਘ ਅਤੇ ਹੰਸਪ੍ਰੀਤ ਸਿੰਘ ਉੱਤੇ ਲੱਗੇ ਇਲਜ਼ਾਮਾਂ ਦੇ ਸਬੰਧ ਵਿੱਚ ਉਨ੍ਹਾਂ ਦੀਆਂ ਫ਼ੋਟੋਆਂ ਜਾਰੀ ਕੀਤੀ ਹਨ। ਸਰੀ ਪੁਲਿਸ ਦਾ ਕਹਿਣਾ ਹੈ ਕਿ ਹਰਸ਼ਦੀਪ ਸਿੰਘ ਅਤੇ ਹੰਸਪ੍ਰੀਤ ਸਿੰਘ ਦੀਆਂ ਤਸਵੀਰਾਂ ਜਨਤਕ ਤੌਰ ਉੱਤੇ ਜਾਰੀ ਕਰਨ ਨਾਲ ਗਵਾਹ, ਪੀੜਤ ਵਿਅਕਤੀ ਅੱਗੇ ਆ ਕੇ 26 ਜਨਵਰੀ ਜਾਂ ਇਸ ਤੋਂ ਪਹਿਲਾਂ ਦੀਆਂ ਇਨ੍ਹਾਂ ਦੋਹਾਂ ਦੀਆਂ ਗਤੀਵਿਧੀਆਂ ਬਾਰੇ ਜਾਣਕਾਰੀ ਪੁਲਿਸ ਨਾਲ ਸਾਂਝੀ ਕਰਨ ਵਿੱਚ ਮਦਦ ਮਿਲੇਗੀ।

### ਫੈਡਰਲ ਸਰਕਾਰ ਨੂੰ ਭੇਜੇ ਗਏ ਪ੍ਰਸਤਾਵ ਵਿੱਚ ਕੀ ਹੈ

ਫੈਡਰਲ ਸਰਕਾਰ ਨੂੰ ਭੇਜੇ ਗਏ ਪ੍ਰਸਤਾਵ ਵਿੱਚ ਸਰੀ ਕੌਂਸਲ ਨੇ ਸੂਬਾਈ ਸਰਕਾਰ ਨੂੰ ਫਿਰੌਤੀ ਸੰਕਟ ਨਾਲ ਨਜਿੱਠਣ ਲਈ ਵਾਧੂ ਸਾਧਨ ਅਤੇ ਅਸਥਾਈ ਅਧਿਕਾਰ ਦੇਣ ਦੀ ਗੱਲ ਕੀਤੀ ਹੈ, ਕਿਉਂਕਿ ਮੌਜੂਦਾ ਯਤਨ ਇਸ ਸੰਕਟ ਨਾਲ ਨਜਿੱਠਣ ਦੇ ਲਈ ਕਾਫ਼ੀ ਨਹੀਂ ਹੈ। ਮੇਅਰ ਮੁਤਾਬਕ, ÷ਸਰੀ ਨੂੰ ਸੰਗਠਿਤ ਜਬਰਨ ਵਸੂਲੀ, ਧਮਕਾਉਣ ਅਤੇ ਨਿਸ਼ਾਨਾ ਬਣਾ ਕੇ ਗੋਲੀਆਂ ਚਲਾਉਣ ਵਰਗੇ ਗੰਭੀਰ ਅਪਰਾਧਿਕ ਸੰਕਟ ਨਾਲ ਜੂਝਣਾ ਪੈ ਰਿਹਾ ਹੈ। ਸਰੀ ਦੇ ਨਿਵਾਸੀ ਅਤੇ ਕਾਰੋਬਾਰੀ ਡਰ ਦੇ ਮਾਹੌਲ ਵਿੱਚ ਹਨ, ਜਨਤਕ ਸੁਰੱਖਿਆ ਖ਼ਤਰੇ ਵਿੱਚ ਹੈ, ਜਿਸ ਦੇ ਸਮਾਜਿਕ ਅਤੇ ਆਰਥਿਕ ਪ੍ਰਭਾਵ ਸਪਸ਼ਟ ਹਨ। ਇਸ ਲਈ ਫੈਡਰਲ ਸਰਕਾਰ (ਕੇਂਦਰ ਸਰਕਾਰ) ਨੂੰ ਹੁਣ ਤੁਰੰਤ ਕਾਰਵਾਈ ਕਰਨ ਚਾਹੀਦੀ ਹੈ ਤਾਂ ਜੋ ਅਧਿਕਾਰੀਆਂ ਨੂੰ ਵਾਧੂ ਸਾਧਨ ਮਿਲ ਸਕਣ, ਜਿਸ ਨਾਲ ਅਸੀਂ ਆਪਣੇ ਨਿਵਾਸੀਆਂ ਨੂੰ ਸੁਰੱਖਿਆ ਦੇ ਸਕੀਏ।






# ਭਾਰਤ ਤੇ ਯੂਰਪੀ ਸੰਘ ਦਰਮਿਆਨ ਸਭ ਤੋਂ ਅਹਿਮ ਇਤਿਹਾਸਕ ਮੁਕਤ ਵਪਾਰ ਸਮਝੌਤੇ ’ਤੇ ਮੋਹਰ

## ਭਾਰਤ-ਈਯੂ ਸਹਿਯੋਗ ਵਿਸ਼ਵ ਵਿਵਸਥਾ ਨੂੰ ਲੋੜੀਂਦੀ ਸਥਿਰਤਾ ਪ੍ਰਦਾਨ ਕਰੇਗਾ: ਮੋਦੀ



ਨਵੀਂ ਦਿੱਲੀ: ਭਾਰਤ ਅਤੇ ਯੂਰਪ ਵਿਚਕਾਰ ਇੱਕ ਇਤਿਹਾਸਕ ਵਪਾਰ ਸਮਝੌਤਾ ਹੋਇਆ ਹੈ। ਲਗਭਗ ਦੋ ਦਹਾਕਿਆਂ ਦੀ ਰੁਕ-ਰੁਕ ਕੇ ਗੱਲਬਾਤ ਤੋਂ ਬਾਅਦ ਇਹ ਸਮਝੌਤਾ ਭਾਰਤ ਨੂੰ ਹੌਲੀ-ਹੌਲੀ ਯੂਰਪੀ ਸੰਘ ਨਾਲ ਮੁਕਤ ਵਪਾਰ ਲਈ ਆਪਣੇ ਵੱਡੇ ਅਤੇ ਸਖ਼ਤ ਨਿਯੰਤ੍ਰਿਤ ਬਾਜ਼ਾਰ ਨੂੰ ਖੋਲ੍ਹਣ ਦੀ ਇਜਾਜ਼ਤ ਦੇਵੇਗਾ। ਇਸ ਵਪਾਰ ਸਮਝੌਤੇ ਨਾਲ ਲਗਭਗ 90 ਫੀਸਦੀ ਯੂਰਪੀ ਸੰਘ ਦੇ ਉਤਪਾਦਾਂ ’ਤੇ ਟੈਰਿਫ ਨੂੰ ਖਤਮ ਜਾਂ ਘਟਾ ਦਿੱਤਾ ਗਿਆ ਹੈ। ਘਟੇ ਹੋਏ ਟੈਰਿਫਾਂ ਕਾਰਨ ਇਹ ਡੀਲ ਭਾਰਤ ਵਿੱਚ ਬੀਅਰ ਅਤੇ ਵਾਈਨ ਨੂੰ ਵੀ ਸਸਤਾ ਕਰ ਦੇਵੇਗੀ। ਪ੍ਰਧਾਨ ਮੰਤਰੀ ਮੋਦੀ ਨੇ ਇੰਡੀਆ ਐਨਰਜੀ ਵੀਕ ਗੋਆ ਵਿਖੇ ਆਪਣੇ ਵਰਚੁਅਲ ਸੰਬੋਧਨ ਵਿੱਚ ਭਾਰਤ-ਯੂਰਪੀ ਵਪਾਰ ਸਮਝੌਤੇ ਸਬੰਧੀ ਕਈ ਅਹਿਮ ਨੁਕਤਿਆਂ ਨੂੰ ਉਜਾਗਰ ਕੀਤਾ। ਭਾਰਤ ਦੁਨੀਆਂ ਦੀ ਸਭ ਤੋਂ ਤੇਜ਼ੀ ਨਾਲ ਵਧ ਰਹੀ ਪ੍ਰਮੁੱਖ ਅਰਥਵਿਵਸਥਾ ਬਣ ਰਿਹਾ ਹੈ ਅਤੇ ਪੈਟਰੋਲੀਅਮ ਉਤਪਾਦਾਂ ਦੇ ਚੋਟੀ ਦੇ ਪੰਜ ਨਿਰਯਾਤਕ ਦੇਸ਼ਾਂ ਵਿੱਚ ਸ਼ਾਮਲ ਹੋ ਗਿਆ ਹੈ। ਭਾਰਤ ਹੁਣ 150 ਤੋਂ ਵੱਧ ਦੇਸ਼ਾਂ ਨੂੰ ਪੈਟਰੋਲੀਅਮ ਬਰਾਮਦ ਕਰਦਾ ਹੈ। ਪ੍ਰਧਾਨ ਮੰਤਰੀ ਅਨੁਸਾਰ, ਇਹ ਸਮਝੌਤਾ ਨਾ ਸਿਰਫ਼ ਆਰਥਿਕ ਪੱਖੋਂ ਅਹਿਮ ਹੈ, ਸਗੋਂ ਇਹ ਸਾਂਝੀ ਖੁਸ਼ਹਾਲੀ ਲਈ ਇੱਕ ਨਵਾਂ ਰੋਡਮੈਪ ਵੀ ਤਿਆਰ ਕਰਦਾ ਹੈ। ਇਸ ਇਤਿਹਾਸਕ ਸਮਝੌਤੇ ਦੇ ਫਾਇਦਿਆਂ ਬਾਰੇ ਚਰਚਾ ਕਰਦਿਆਂ ਪ੍ਰਧਾਨ ਮੰਤਰੀ ਨੇ ਕਿਹਾ ਕਿ ਇਹ ਐਫ.ਟੀ.ਏ. ਸਮੁੰਦਰੀ ਖੇਤਰ ਅਤੇ ਸਾਈਬਰ ਸੁਰੱਖਿਆ ਵਿੱਚ ਆਪਸੀ ਸਹਿਯੋਗ ਨੂੰ ਵਧਾਉਣ ਵਿੱਚ ਮਦਦਗਾਰ ਸਾਬਤ ਹੋਵੇਗਾ। ਉਨ੍ਹਾਂ ਸੋਮਵਾਰ ਦੇ ਦਿਨ ਨੂੰ ਇੱਕ ਇਤਿਹਾਸਕ ਦਿਨ ਦੱਸਿਆ, ਜਦੋਂ ਯੂਰਪੀਅਨ ਯੂਨੀਅਨ ਦੇ ਨੇਤਾਵਾਂ ਨੇ ਭਾਰਤ ਦੇ ਗਣਤੰਤਰ ਦਿਵਸ ਸਮਾਰੋਹ ਵਿੱਚ ਸਰਗਰਮੀ ਨਾਲ ਹਿੱਸਾ ਲਿਆ। ਇਹ ਮੌਕਾ ਦੋਵਾਂ ਦੇਸ਼ਾਂ ਦੇ ਡੂੰਘੇ ਹੁੰਦੇ ਰਿਸ਼ਤਿਆਂ ਅਤੇ ਭਵਿੱਖ ਦੀਆਂ ਸਾਂਝੀਆਂ ਚੁਣੌਤੀਆਂ ਨਾਲ ਨਜਿੱਠਣ ਦੀ ਵਚਨਬੱਧਤਾ ਦਾ ਪ੍ਰਤੀਕ ਹੈ। ਇਸ ਡੀਲ ਨਾਲ ਟੈਕਸਟਾਈਲ, ਰਤਨ ਅਤੇ ਗਹਿਣੇ, ਚਮੜਾ ਅਤੇ ਜੁੱਤੀਆਂ ਵਰਗੇ ਖੇਤਰਾਂ ਨੂੰ ਕਾਫ਼ੀ ਲਾਭ ਹੋਵੇਗਾ। ਨਿਰਮਾਣ ਅਤੇ ਸੇਵਾ ਦੋਵਾਂ ਖੇਤਰਾਂ ਨੂੰ ਹੁਲਾਰਾ ਮਿਲੇਗਾ। ਭਾਰਤ ਨੇ 27 ਯੂਰਪੀ ਸੰਘ ਦੇ ਦੇਸ਼ਾਂ ਤੋਂ ਆਯਾਤ ਕੀਤੇ ਜਾਣ ਵਾਲੇ ਵਾਈਨ ਅਤੇ ਬੀਅਰ ’ਤੇ ਟੈਰਿਫ ਘਟਾ ਦਿੱਤੇ ਹਨ। ਬੀਅਰ ’ਤੇ ਟੈਕਸ ਘਟਾ ਕੇ 50 ਫੀਸਦੀ ਕਰ ਦਿੱਤਾ ਗਿਆ ਹੈ ਅਤੇ ਸ਼ਰਾਬ ’ਤੇ ਟੈਕਸ ਘਟਾ ਕੇ 40 ਫੀਸਦੀ ਕਰ ਦਿੱਤਾ ਗਿਆ ਹੈ। ਇਸ ਤੋਂ ਇਲਾਵਾ, ਵਾਈਨ ’ਤੇ ਟੈਕਸ 20-30 ਫੀਸਦੀ ਘਟਾ ਦਿੱਤਾ ਗਿਆ ਹੈ। ਨਤੀਜੇ ਵਜੋਂ ਵਿਦੇਸ਼ੀ ਸ਼ਰਾਬ, ਖਾਸ ਕਰਕੇ ਯੂਰਪ ਤੋਂ ਦਰਾਮਦ ਕੀਤੀ ਜਾਣ ਵਾਲੀ ਸ਼ਰਾਬ ਦੇਸ਼ ਵਿੱਚ ਸਸਤੀ ਹੋ ਜਾਵੇਗੀ। ਜਿਥੇ ਭਾਰਤ ਨੇ ਇੱਕ ਪਾਸੇ ਬੀਅਰ ਅਤੇ ਵਾਈਨ ’ਤੇ ਟੈਕਸ ਘਟਾ ਦਿੱਤੇ ਹਨ, ਇਸ ਦੇ ਨਾਲ ਹੀ ਇਸ ਨੇ ਕੁਝ ਉਤਪਾਦਾਂ ’ਤੇ ਟੈਰਿਫ ਵੀ ਘਟਾ ਦਿੱਤੇ ਹਨ। ਜੈਤੂਨ ਦੇ ਤੇਲ, ਮਾਰਜਰੀਨ ਅਤੇ ਬਨਸਪਤੀ ਤੇਲ ’ਤੇ ਟੈਕਸ ਪੂਰੀ ਤਰ੍ਹਾਂ ਖਤਮ ਕਰ ਦਿੱਤੇ ਗਏ ਹਨ। ਫਲਾਂ ਦੇ ਜੂਸ ਅਤੇ ਪ੍ਰੋਸੈਸਡ ਭੋਜਨ ’ਤੇ ਟੈਕਸ ਵੀ ਪੂਰੀ ਤਰ੍ਹਾਂ ਖਤਮ ਕਰ ਦਿੱਤੇ ਗਏ ਹਨ। ਵਪਾਰ ਸੌਦੇ ਵਿੱਚ ਸਭ ਤੋਂ ਵੱਡਾ ਐਲਾਨ ਕਾਰਾਂ ’ਤੇ ਟੈਰਿਫ ਨਾਲ ਸਬੰਧਤ ਸੀ। ਭਾਰਤ ਨੇ ਯੂਰਪ ਤੋਂ ਦਰਾਮਦ ਕੀਤੀਆਂ ਲਗਜ਼ਰੀ ਕਾਰਾਂ ਅਤੇ ਮੋਟਰ ਵਾਹਨਾਂ ’ਤੇ ਟੈਕਸ 110 ਫੀਸਦੀ ਤੋਂ ਘਟਾ ਕੇ 10 ਫੀਸਦੀ ਕਰਨ ਦਾ ਐਲਾਨ ਕੀਤਾ। ਹਾਲਾਂਕਿ, 250,000 ਵਾਹਨਾਂ ਦੀ ਸੀਮਾ ਲਗਾਈ ਗਈ ਹੈ। ਇਸ ਤੋਂ ਇਲਾਵਾ ਮਸ਼ੀਨਰੀ ’ਤੇ 44 ਫੀਸਦੀ ਟੈਕਸ ਵਿੱਚੋਂ ਜ਼ਿਆਦਾਤਰ ਨੂੰ ਖਤਮ ਕਰ ਦਿੱਤਾ ਗਿਆ ਹੈ। ਕੈਮੀਕਲਾਂ ’ਤੇ 22 ਫੀਸਦੀ ਟੈਕਸ ਨੂੰ ਵੱਡੇ ਪੱਧਰ ’ਤੇ ਖਤਮ ਕਰ ਦਿੱਤਾ ਜਾਵੇਗਾ। ਦਵਾਈਆਂ ’ਤੇ 11 ਫੀਸਦੀ ਟੈਕਸ ਨੂੰ ਵੀ ਵੱਡੇ ਪੱਧਰ ’ਤੇ ਖਤਮ ਕਰ ਦਿੱਤਾ ਗਿਆ ਹੈ। ਇਸ ਤੋਂ ਇਲਾਵਾ ਲਗਭਗ ਸਾਰੇ ਜਹਾਜ਼ਾਂ ਅਤੇ ਪੁਲਾੜ ਯਾਨ ਉਤਪਾਦਾਂ ’ਤੇ ਟੈਕਸ ਹਟਾ ਦਿੱਤੇ ਗਏ ਹਨ। ਭਾਰਤ ਨੂੰ ਅਗਲੇ ਦੋ ਸਾਲਾਂ ਵਿੱਚ ਯੂਰਪੀ ਸੰਘ ਤੋਂ 4,500 ਕਰੋੜ (ਲਗਭਗ 4,500 ਕਰੋੜ ਰੁਪਏ) ਦਾ ਬਜਟ ਮਿਲੇਗਾ ਤਾਂ ਜੋ ਭਾਰਤ ਨੂੰ ਮੁਕਤ ਵਪਾਰ ਸਮਝੌਤੇ ਦੇ ਤਹਿਤ ਗ੍ਰੀਨਹਾਊਸ ਗੈਸਾਂ ਦੇ ਨਿਕਾਸ ਨੂੰ ਘਟਾਉਣ ਵਿੱਚ ਮਦਦ ਕੀਤੀ ਜਾ ਸਕੇ। ਯੂਰਪੀ ਸੰਘ ਦੇ ਟ੍ਰੇਡਮਾਰਕ, ਡਿਜ਼ਾਈਨ, ਕਾਪੀਰਾਈਟ ਅਤੇ ਵਪਾਰਕ ਰਾਜ਼ਾਂ ਨੂੰ ਮਜ਼ਬੂਤ ਕਾਨੂੰਨੀ ਸੁਰੱਖਿਆ ਮਿਲੇਗੀ। ਸੁਰੱਖਿਅਤ, ਨਿਰਪੱਖ ਅਤੇ ਭਰੋਸੇਮੰਦ ਆਨਲਾਈਨ ਵਪਾਰ ਨੂੰ ਯਕੀਨੀ ਬਣਾਉਣ ਲਈ ਡਿਜੀਟਲ ਵਪਾਰ ਲਈ ਇੱਕ ਵਿਸ਼ੇਸ਼ ਆਧਿਆਏ ਹੋਵੇਗਾ। ਵਿੱਤੀ ਅਤੇ ਸਮੁੰਦਰੀ ਸੇਵਾਵਾਂ ਵਿੱਚ ਯੂਰਪੀ ਸੰਘ ਦੀਆਂ ਸੇਵਾ ਕੰਪਨੀਆਂ ਨੂੰ ਭਾਰਤ ਵਿੱਚ ਵਿਸ਼ੇਸ਼ ਅਧਿਕਾਰ ਪ੍ਰਾਪਤ ਹੋਣਗੇ। ਬਿਹਤਰ ਮਾਰਕੀਟ ਪਹੁੰਚ ਨਵੇਂ ਕਾਰੋਬਾਰ ਅਤੇ ਰੁਜ਼ਗਾਰ ਦੇ ਮੌਕੇ ਖੋਲ੍ਹੇਗੀ। ਛੋਟੇ ਅਤੇ ਦਰਮਿਆਨੇ ਆਕਾਰ ਦੇ ਉੱਦਮਾਂ ਲਈ ਇੱਕ ਸਮਰਪਿਤ ਚੈਪਟਰ ਹੋਵੇਗਾ। ਵਪਾਰ ਨੂੰ ਆਸਾਨ ਬਣਾਉਣ ਲਈ ਕੰਪਨੀਆਂ ਦੀ ਸਹਾਇਤਾ ਲਈ ਛੋਟੇ ਅਤੇ ਦਰਮਿਆਨੇ ਆਕਾਰ ਦੇ ਉੱਦਮ ਸੰਪਰਕ ਬਿੰਦੂ ਸਥਾਪਤ ਕੀਤੇ ਜਾਣਗੇ।

# ਸੋਨਾ-ਚਾਂਦੀ ਦੇ ਭਾਅ ਨਵੀਂ ਸਿਖਰ ’ਤੇ ਪੁੱਜੇ

## ਪੀਲੀ ਧਾਤ 7300 ਰੁ. ਦੇ ਵਾਧੇ ਨਾਲ 1.66 ਲੱਖ ਪ੍ਰਤੀ ਤੋਲਾ ਹੋਈ, ਚਾਂਦੀ ਦੇ ਭਾਅ ’ਚ ਵੀ 40,500 ਰੁ. ਪ੍ਰਤੀ ਕਿਲੋ ਦਾ ਇਜ਼ਾਫ਼ਾ




ਨਵੀਂ ਦਿੱਲੀ, : ਸੋਨੇ ਤੇ ਚਾਂਦੀ ਦੀ ਚਮਕ ਵਧਣ ਦਾ ਸਿਲਸਿਲਾ ਲਗਾਤਾਰ ਜਾਰੀ ਹੈ। ਨਿਵੇਸ਼ਕਾਂ ਦੀ ਮਜ਼ਬੂਤ ਮੰਗ ਅਤੇ ਵਧਦੇ ਭੂ-ਸਿਆਸੀ ਤੇ ਵਪਾਰਕ ਤਣਾਅ ਦਰਮਿਆਨ ਕੌਮੀ ਰਾਜਧਾਨੀ ਵਿੱਚ ਮੰਗਲਵਾਰ ਨੂੰ ਸੋਨੇ ਤੇ ਚਾਂਦੀ ਦੀਆਂ ਕੀਮਤਾਂ ਵਿੱਚ ਤੇਜ਼ੀ ਆਈ। ਦੋਵੇਂ ਕੀਮਤੀ ਧਾਤਾਂ ਰਿਕਾਰਡ ਉਚਾਈ ’ਤੇ ਪਹੁੰਚ ਗਈਆਂ। ਬਾਜ਼ਾਰ ਮਾਹਿਰਾਂ ਅਨੁਸਾਰ 99.9 ਫੀਸਦੀ ਸ਼ੁੱਧਤਾ ਵਾਲਾ ਸੋਨਾ 7,300 ਰੁਪਏ ਜਾਂ 4.6 ਫੀਸਦ ਦੇ ਉਛਾਲ ਨਾਲ 1,66,000 ਰੁਪਏ ਪ੍ਰਤੀ 10 ਗ੍ਰਾਮ (ਸਾਰੇ ਟੈਕਸਾਂ ਸਮੇਤ) ਦੇ ਸਿਖਰਲੇ ਪੱਧਰ ’ਤੇ ਪਹੁੰਚ ਗਿਆ। ਪੀਲੀ ਧਾਤ ਸ਼ੁੱਕਰਵਾਰ ਨੂੰ 1,58,700 ਰੁਪਏ ਪ੍ਰਤੀ 10 ਗ੍ਰਾਮ ’ਤੇ ਬੰਦ ਹੋਈ ਸੀ। 77ਵੇਂ ਗਣਤੰਤਰ ਦਿਹਾੜੇ ਕਰਕੇ ਸੋਮਵਾਰ ਨੂੰ ਸਰਾਫਾ ਬਾਜ਼ਾਰ ਬੰਦ ਸਨ। ਉਧਰ ਚਾਂਦੀ ਦੀ ਚਮਕ ਵੀ ਲਗਾਤਾਰ ਬਰਕਰਾਰ ਹੈ। ਸਰਾਫਾ ਬਾਜ਼ਾਰਾਂ ਵਿੱਚ ਇੱਕ ਹੋਰ ਸੈਸ਼ਨ ਦੌਰਾਨ ਚਾਂਦੀ ਨੇ ਸੋਨੇ ਨੂੰ ਪਛਾੜ ਦਿੱਤਾ। ਚਿੱਟੀ ਧਾਤ 40,500 ਰੁਪਏ ਜਾਂ 12.3 ਫੀਸਦ ਦੇ ਵਾਧੇ ਨਾਲ 3,70,000 ਰੁਪਏ ਪ੍ਰਤੀ ਕਿਲੋਗ੍ਰਾਮ (ਸਾਰੇ ਟੈਕਸਾਂ ਸਮੇਤ) ਦੀ ਨਵੀਂ ਸਿਖਰ ’ਤੇ ਪਹੁੰਚ ਗਈ। ਪਿਛਲੇ ਬਾਜ਼ਾਰੀ ਸੈਸ਼ਨ ਵਿੱਚ ਇਹ ਧਾਤ 3,29,500 ਰੁਪਏ ਪ੍ਰਤੀ ਕਿਲੋਗ੍ਰਾਮ ’ਤੇ ਟਿਕ ਗਈ ਸੀ।

# ਸਿੱਖਸ ਆਫ਼ ਅਮੈਰਿਕਾ ਦੇ ਯਤਨਾਂ ਸਦਕਾ ਹੜ੍ਹਾਂ ਕਾਰਨ ਤਬਾਹ ਹੋਇਆ ਸਕੂਲ ਵਿਦਿਆਰਥੀਆਂ ਲਈ ਦੁਬਾਰਾ ਖੁੱਲ੍ਹਿਆ

## ਚੇਅਰਮੈਨ ਜਸਦੀਪ ਸਿੰਘ ਜੱਸੀ ਦੀ ਅਗਵਾਈ ’ਚ ਜ਼ਿਲ੍ਹਾ ਜਲੰਧਰ ਦੇ ਜਲਾਲਪੁਰ ਕਲਾਂ ਦੇ ਸਕੂਲ ਦਾ ਹੋਇਆ ਪੁਨਰ ਨਿਰਮਾਣ

ਵਾਸ਼ਿੰਗਟਨ, 24 ਜਨਵਰੀ (ਰਾਜ ਗੋਗਨਾ )- ਸਿੱਖਸ ਆਫ ਅਮੈਰਿਕਾ ਅੰਤਰਰਾਸ਼ਟਰੀ ਪੱਧਰ ਦੀ ਉਹ ਸਮਾਜ ਸੇਵੀ ਸੰਸਥਾ ਹੈ ਜੋ ਸਿੱਖੀ ਦੀ ਵੱਖਰੀ ਪਛਾਣ ਦਾ ਪ੍ਰਚਾਰ ਤਾਂ ਕਰਦੀ ਹੈ ਸਗੋਂ ਕੁਦਰਤੀ ਆਫ਼ਤਾਂ ਨਾਲ ਝੰਬੇ ਲੋਕਾਂ ਦੀ ਜ਼ਿੰਦਗੀ ਨੂੰ ਦੁਬਾਰਾ ਲੀਹ ’ਤੇ ਲਿਆਉਣ ਲਈ ਵੀ ਹਮੇਸ਼ਾ ਯਤਨਸ਼ੀਲ ਰਹਿੰਦੀ ਹੈ੍ ਪਿਛਲੇ ਵਰ੍ਹੇ ਆਏ ਹੜ੍ਹਾਂ ਕਾਰਨ ਸਮੁੱਚੇ ਪੰਜਾਬ ਵਿਚ ਨੁਕਸਾਨ ਹੋਇਆ ਸੀ, ਇਸੇ ਦੇ ਚੱਲਦਿਆਂ ਜਲੰਧਰ ਜ਼ਿਲੇ ਦੇ ਪਿੰਡ ਜਲਾਲਪੁਰ ਕਲਾਂ ਦਾ ਸਕੂਲ ਵੀ ਹੜ੍ਹਾਂ ਦੀ ਮਾਰ ਨਾ ਸਹਿੰਦਾ ਹੋਇਆ ਢਹਿ ਢੇਰੀ ਹੋ ਗਿਆ ਸ੍ਰੀ ਚੇਅਰਮੈਨ ਜਸਦੀਪ ਸਿੰਘ ਜੱਸੀ ਦੀ ਅਗਵਾਈ ’ਚ ਸਿੱਖਸ ਆਫ ਅਮੈਰਿਕਾ ਨੇ ਇਸ ਸਕੂਲ ਦੇ ਪੁਨਰਨਿਰਮਾਣ ਦੀ ਜ਼ਿੰਮੇਵਾਰੀ ਚੁੱਕੀ ਅਤੇ ਇਸਨੂੰ ਨਿਭਾਉਂਦਿਆਂ ਅੱਜ ਸਕੂਲ ਦੁਬਾਰਾ ਬੱਚਿਆਂ ਨੂੰ ਸਮਰਪਿਤ ਕੀਤਾ ਗਿਆ੍ ਸੰਸਥਾ ਦੇ ਅੰਤਰਰਾਸ਼ਟਰੀ ਕੋਆਰਡੀਨੇਟਰ ਵਰਿੰਦਰ ਸਿੰਘ ਵਿਸ਼ੇਸ਼ ਤੌਰ ’ਤੇ ਸਕੂਲ ’ਚ ਪੁੱਜੇ ’ਤੇ ਉਹਨਾਂ ਰੀਬਨ ਕੱਟ ਕੇ ਬੱਚਿਆਂ ਦੇ ਚਿਹਰਿਆਂ ’ਤੇ ਖੁਸ਼ੀਆਂ ਲਿਆਂਦੀਆਂ੍ ਸ੍. ਜੱਸੀ ਨੇ ਕਿਹਾ ਕਿ ਉਹਨਾਂ ਨੂੰ ਬੇਅੰਤ ਖੁਸ਼ੀ ਹੋਈ ਹੈ ਕਿ ਉਹ ਆਪਣੀ ਜ਼ਿੰਮੇਵਾਰੀ ਨਿਭਾਉਣ ਵਿਚ ਹੀ ਨਹੀਂ ਸਗੋਂ ਨੰਨੇ ਮੁੰਨੇ ਬੱਚਿਆਂ ਦੇ ਚਿਹਰਿਆਂ ’ਤੇ ਖੁਸ਼ੀ ਲਿਆਉਣ ਵਿਚ ਕਾਮਯਾਬ ਹੋਏ ਹਨ ਜਿਨਾਂ ਨੇ ਆਉਣ ਵਾਲੇ ਸਮੇਂ ’ਚ ਸਾਡੇ ਦੇਸ਼ ਦਾ ਭਵਿੱਖ ਬਣਨਾ ਹੈ੍








# ਵਿਦੇਸ਼ ਨੀਤੀ, ਅਮਰੀਕੀ ਟੈਰਿਫ਼, ਰੁਪਏ ਦੀ ਗਿਰਾਵਟ ਅਤੇ ਮਨਰੇਗਾ ਦੇ ਮੁੱਦੇ ਸੰਸਦ ’ਚ ਉਠਾਏ ਜਾਣਗੇ: ਕਾਂਗਰਸ



ਨਵੀਂ ਦਿੱਲੀ:ਕਾਂਗਰਸ ਪਾਰਟੀ ਨੇ ਮੰਗਲਵਾਰ ਨੂੰ ਕਿਹਾ ਕਿ ਮੋਦੀ ਸਰਕਾਰ ਦੀ ਵਿਦੇਸ਼ ਨੀਤੀ, ਅਮਰੀਕੀ ਟੈਰਿਫ, ਡਾਲਰ ਦੇ ਮੁਕਾਬਲੇ ਰੁਪਏ ਦੀ ਗਿਰਾਵਟ, ਮਨਰੇਗਾ ਨੂੰ ਖਤਮ ਕਰਨਾ ਅਤੇ ਜਨਤਕ ਹਿੱਤ ਦੇ ਕਈ ਹੋਰ ਮੁੱਦੇ ਸੰਸਦ ਦੇ ਬਜਟ ਸੈਸ਼ਨ ਵਿੱਚ ਉਠਾਏ ਜਾਣਗੇ, ਜੋ ਬੁੱਧਵਾਰ ਤੋਂ ਸ਼ੁਰੂ ਹੋ ਰਿਹਾ ਹੈ। ਸਰਕਾਰ ਦੁਆਰਾ ਬੁਲਾਈ ਗਈ ਸਰਬ-ਪਾਰਟੀ ਮੀਟਿੰਗ ਤੋਂ ਬਾਅਦ, ਰਾਜ ਸਭਾ ਵਿੱਚ ਕਾਂਗਰਸ ਦੇ ਉਪ-ਨੇਤਾ ਪ੍ਰਮੋਦ ਤਿਵਾੜੀ ਨੇ ਇਹ ਵੀ ਦੋਸ਼ ਲਗਾਇਆ ਕਿ ਸਰਕਾਰ ਸੰਵਿਧਾਨਕ ਅਧਿਕਾਰਾਂ ਨੂੰ ਖਤਮ ਕਰ ਰਹੀ ਹੈ ਅਤੇ ਸੰਵਿਧਾਨਕ ਸੰਸਥਾਵਾਂ ਨੂੰ ਕਮਜ਼ੋਰ ਕਰ ਰਹੀ ਹੈ। ਉਨ੍ਹਾਂ ਕਿਹਾ ‘ਵਿਰੋਧੀ ਧਿਰ ਵਿਦੇਸ਼ ਨੀਤੀ ਦਾ ਮੁੱਦਾ ਵੀ ਉਠਾਏਗੀ। ਸਾਡੀ ਵਿਦੇਸ਼ ਨੀਤੀ ਕਿੱਥੇ ਪਹੁੰਚ ਗਈ ਹੈ ? ਕੋਈ ਸਾਡੇ ਨਾਲ ਨਹੀਂ ਖੜ੍ਹਾ ਹੈ। ਸਾਨੂੰ ਇਹ ਵੀ ਨਹੀਂ ਪਤਾ ਕਿ ਕਿਸ ਦਾ ਸਾਥ ਦੇਣਾ ਹੈ, ਕੌਣ ਸਾਡੇ ਨਾਲ ਚੱਲੇਗਾ।’ ਉਨ੍ਹਾਂ ਕਿਹਾ ਕਿ ਜਦੋਂ ਸਰਕਾਰ ਦੀ ਆਰਥਿਕ ਨੀਤੀ ਦੀ ਗੱਲ ਆਉਂਦੀ ਹੈ, ਤਾਂ ਰੁਪਿਆ ਆਪਣੇ ਸਭ ਤੋਂ ਹੇਠਲੇ ਪੱਧਰ ’ਤੇ ਪਹੁੰਚ ਗਿਆ ਹੈ। ਤਿਵਾੜੀ ਨੇ ਕਿਹਾ, ‘ਅਮਰੀਕਾ ਟੈਰਿਫ ਲਗਾਉਣਾ ਜਾਰੀ ਰੱਖਦਾ ਹੈ, ਅਤੇ ਰੂਸੀ ਤੇਲ ਖਰੀਦਣ ਦਾ ਮੁੱਦਾ ਵੀ ਹੈ।

# Preetnama

ਪ੍ਰੀਤਨਾਮਾ ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 339

Website: www.preetnama.com Email preetnamausa@gmail.com

30 JAN TO 05 FEB, 2026




# Preetnama

Khara Sach

ਪ੍ਰੀਤਨਾਮਾ

ਖ਼ਰਾ ਸੱਚ

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 339

Website: www.preetnama.com Email preetnamausa@gmail.com

30 JAN TO 05 FEB, 2026



LOWER YOUR PROPERTY TAXES

Our fee 35% others charge 50%

NO REDUCTION → NO FEE

CALL 516-680-8037



HUGE TAX SAVINGS FOR OUR HOMEOWNERS

Muttontown $13,435
Jericho - $9,458
Levittown - $3,788
Roslyn - $3,435
Wantagh - $3,208
East Hills $7,925

Woodbury - $4,836
Bayville - $5,797
Westbury - $3,609
Bellmore - $3,731
Bethpage - $3,066
Manhasset $5,840



Varinder K Bhalla
Former Commissioner
Nassau County ARC

PropertyTax ReductionGuru

★★★★★ Five Star Rating by Our Clients

WWW.PropertyTaxReductionGuru.com

# Preetnama

ਪ੍ਰੀਤਨਾਮਾ
ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 339 | Website: www.preetnama.com Email preetnamausa@gmail.com | 30 JAN TO 05 FEB, 2026




# Preetnama

Khara Sach

ਪ੍ਰੀਤਨਾਮਾ
ਖ਼ਰਾ ਸੱਚ

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 339
Website: www.preetnama.com Email preetnamausa@gmail.com
30 JAN TO 05 FEB, 2026




# ਹਫ਼ਤਾਵਾਰੀ ਪ੍ਰੀਤਨਾਮਾ

Weekly Preetnama www.preetnama.com
+1 (201) 312-4180



PRITPAL KAUR
Editor-In-Chief
+1 201-312-4180
+1 917-328-8436



ADVISORY BOARD

Joga Singh
******************************
Jaswinder Singh New Jersey
******************************
Mindi Manak
NewYork
******************************
Jagjit Singh Dasuya
******************************
Gurmeet Singh Dhalwan
Chicago
******************************
G. S Singh Punjab
******************************
Sujan Nag, USA
******************************
Dr. Jagdeep Dhimaan, India
*****************
Sarabjit Kaur Punjab
*********************
Sukhmandar Brar
(Bhagata Bhaika) Vancouver,

******************************
Sunil Kumar Gund
(Journalist) India
******************************
Raj Rani
Video editor
******************************
Jagmeet Kaur
97817-41631
******************************

ਪ੍ਰੀਤਨਾਮ ਪੰਜਾਬੀ ਮਾਂ ਬੋਲੀ, ਸਭਿਆਚਾਰ ਅਤੇ ਪੰਜਾਂ ਪਾਣੀਆਂ ਦੀ ਧਰਤੀ ਦੀ ਸਲਾਮਤੀ ਨੂੰ ਸਮਰਪਿਤ ਹੈ। ਪ੍ਰੀਤਨਾਮਾ ਵਿਚ ਛਪੀਆਂ ਰਚਨਾਵਾਂ ਨਾਲ ਸੰਪਾਦਕ ਜਾਂ ਅਖਬਾਰ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਲੇਖਕ ਆਪਣੀਆਂ ਰਚਨਾਵਾਂ ਨੂੰ ਈਮੇਲ ਰਾਹੀਂ ਭੇਜ ਸਕਦੇ ਹਨ। ਈਮੇਲ ਵਾਲੀਆਂ ਰਚਨਾਵਾਂ ਨੂੰ ਤਰਜੀਹ ਦਿੱਤੀ ਜਾਵੇਗੀ। ਪ੍ਰੀਤਨਾਮਾ ਨੂੰ ਰਚਨਾਵਾਂ ਵਿਚ ਲੋੜ ਅਨੁਸਾਰ ਕਾਂਟ ਛਾਂਟ ਕਰਨ ਦਾ ਜਾਂ ਬਿਲਕੁਲ ਨਾ ਛਾਪਣ ਦਾ ਅਧਿਕਾਰ ਹੈ। ਇਸ਼ਤਿਹਾਰ ਵਿਚ ਛਪੀ ਸਮਗਰੀ ਲਈ ਇਸ਼ਤਿਹਾਰਦਾਤਾ ਖੁਦ ਜ਼ਿੰਮੇਵਾਰ ਹੋਵੇਗਾ। ਇਸ਼ਤਿਹਾਰਾਂ ਵਿਚ ਦਿੱਤੀ ਗਈ ਜਾਣਕਾਰੀ, ਕੀਮਤ, ਵਰੰਟੀ, ਕੁਆਲਿਟੀ, ਸੁਝਾਵਾਂ ਲਈ ਸਿਰਫ ਇਸ਼ਤਿਹਾਰ ਦੇਣ ਵਾਲੀ ਕੰਪਨੀ ਹੀ ਜ਼ਿੰਮੇਵਾਰ ਹੋਵੇਗੀ।

**The Preetnama is not responsible or legally lible for any news, article, advertisement or typing mistakes in the news or articles**

ਪਿਛਲੇ ਕੁਝ ਹਫਤਿਆਂ ਤੋਂ ਪਾਠਕਾਂ ਵੱਲੋਂ ਲੇਖ ਪ੍ਰਕਾਸ਼ਿਤ ਨਾ ਹੋਣ ਦੇ ਲਗਾਤਾਰ ਫੋਨ ਆ ਰਹੇ ਹਨ, ਜਿਸ ਲਈ ਲਈ ਖਿਮਾ ਦੇ ਜਾਚਕ ਹਾਂ। ਪ੍ਰੀਤਨਾਮਾ ਵੱਲੋਂ ਲੇਖਕਾਂ ਨੂੰ ਬੇਨਤੀ ਹੈ ਕਿ ਇੱਕ ਵਾਰ ਵਿਚ ਇੱਕ ਹੀ ਲੇਖ ਭੇਜਿਆ ਜਾਵੇ ਤਾਂ ਜੋ ਢੁੱਕਵੀਂ ਜਗ੍ਹਾਂ 'ਤੇ ਪ੍ਰਕਾਸ਼ਿਤ ਕੀਤਾ ਜਾ ਸਕੇ।

**Preetnamausa@gmail.com**
**www.preetnama.com**


# ਏ.ਆਈ. ਦਾ ਸਾਹਿਤ ਦੀ ਮੌਲਿਕਤਾ ਅਤੇ ਮਨੁੱਖੀ ਬੌਧਿਕਤਾ ’ਤੇ ਕਾਤਲਾਨਾ ਹਮਲਾ

ਮੌਜੂਦਾ ਦੌਰ ਨੂੰ ਜੇਕਰ ਅਧੁਨਿਕਤਾ ਦਾ ਸਿਖਰ ਮੰਨ ਲਿਆ ਜਾਵੇ ਤਾਂ ਕੁੱਝ ਵੀ ਗਲਤ ਨਹੀਂ ਹੋਵੇਗਾ। ਇਹ ਅਜਿਹਾ ਦੌਰ ਹੈ ਜਦੋਂ ਮਨੁੱਖ, ਮਨੁੱਖ ਨਾ ਰਹਿ ਕੇ ਮਸ਼ੀਨ ਹੋਣ ਵੱਲ ਨੂੰ ਤੇਜ਼ੀ ਨਾਲ ਤੁਰ ਰਿਹਾ ਹੈ। ਸੰਚਾਰ ਸਾਧਨਾਂ ਦੀ ਸੂਖਮਤਾ ਨੇ ਮਨੁੱਖ ਅੰਦਰਲੀ ਪ੍ਰਤਿਭਾ ਨੂੰ ਹੋਰ ਨਿਖਾਰਨ ਦੀ ਬਜਾਏ ਨਿਕੰਮਾ ਅਤੇ ਆਲਸੀ ਬਣਾ ਦਿੱਤਾ ਹੈ। ਜੈਮਿਨੀ ਅਤੇ ਚੈਟ ਜੀਪੀਟੀ ਵਰਗੀਆਂ ਅਤਿ ਅਧੁਨਿਕ ਐਪਾਂ ਮਨੁੱਖ ਦੀ ਅੰਦਰਲੀ ਗੱਲ ਨੂੰ ਸਮਝ ਕੇ ਉਸਦੇ ਅਨੁਸਾਰ ਹਰ ਤਰ੍ਹਾਂ ਦੇ ਗਲਤ ਠੀਕ ਵੀਡੀਓ, ਫੋਟੋਆਂ ਨੂੰ ਐਡਿਟ ਕਰਕੇ ਹਰ ਸੰਚੇ ਵਿੱਚ ਫਿੱਟ ਕਰਨ ਤੋਂ ਇਲਾਵਾ ਮਨੁੱਖ ਦੀ ਇੱਛਾ ਅਤੇ ਮਨੋ ਬਿਰਤੀ ਅਨੁਸਾਰ ਕਹਾਣੀਆਂ, ਲੇਖ ਅਤੇ ਕਵਿਤਾਵਾਂ ਤੱਕ ਲਿਖ ਕੇ ਦੇਣਾ ਕੁੱਝ ਸੈਕਿੰਡ ਦੀ ਗੱਲ ਬਣ ਕੇ ਰਹਿ ਗਈ ਹੈ। ਇਸ ਅਤਿ ਆਧੁਨਿਕ ਸੂਖਮ ਸਾਧਨਾਂ ਦੀ ਬਦੌਲਤ ਲਿਖੇ ਹੋਏ ਲੇਖ, ਕਹਾਣੀਆਂ ਅਤੇ ਕਵਿਤਾਵਾਂ ਅਖਬਾਰਾਂ ਦੇ ਸੰਪਾਦਕੀ ਪੰਨਿਆਂ ਦਾ ਸ਼ਿੰਗਾਰ ਬਣ ਰਹੇ ਹਨ। ਉਪਰੋਕਤ ਸੂਖਮ ਸਾਧਨਾਂ ਨੇ ਜਿੱਥੇ ਪਾਠਕਾਂ ਕੋਲੋਂ ਉਹਨਾਂ ਦੇ ਪਸੰਦੀ ਦੀਆਂ ਕਲਮਾਂ ਖੋਹ ਲਈਆਂ ਹਨ, ਓਥੇ ਇਸ ਆਧੁਨਿਕਤਾ ਵੱਲੋਂ ਕਾਲਮ ਨਵੀਸਾਂ, ਲੇਖਕਾਂ ਕਵੀਆਂ ਆਦਿ ਦੀ ਮੌਲਿਕਤਾ ਨੂੰ ਵੱਡੀ ਢਾਹ ਲਾਈ ਜਾ ਰਹੀ ਹੈ। ਆਮ ਤੌਰ ’ਤੇ ਜਦੋਂ ਸਵੇਰੇ ਅਖਬਾਰ ਪੜ੍ਹਦੇ ਹਾਂ ਤਾਂ ਬਹੁਤ ਸਾਰੀਆਂ ਅਜਿਹੀਆਂ ਲਿਖਤਾਂ ਸਾਹਮਣੇ ਆ ਜਾਂਦੀਆਂ ਹਨ,ਜਿਨ੍ਹਾਂ ਦਾ ਲੇਖਕਾਂ ਨਾਲ ਕੋਈ ਬਹੁਤਾ ਸਰੋਕਾਰ ਨਹੀਂ ਹੁੰਦਾ, ਪਰ ਨਾਮ ਜ਼ਰੂਰ ਲੇਖਕ ਦਾ ਲਿਖਿਆ ਹੁੰਦਾ ਹੈ। ਇਹ ਰੁਝਾਨ ਵੱਡੀ ਪੱਧਰ ’ਤੇ ਚੱਲ ਰਿਹਾ ਹੈ ਕਿ ਅਖਬਾਰਾਂ ਲਈ ਕਾਲਮ ਲਿਖਣ ਵਾਲੇ ਲੇਖਕ ਹੁਣ ਖੁਦ ਮੱਥਾ ਮਾਰਨ ਦੀ ਲੋੜ ਨਹੀਂ ਸਮਝਦੇ, ਸਗੋਂ ਏ ਆਈ ਦੀ ਮਦਦ ਨਾਲ ਵੱਡੇ ਵੱਡੇ ਕਾਲਮ ਹੀ ਉਹਨਾਂ ਦੇ ਨਾਮ ਹੇਠ ਅਖਬਾਰ ਦੀ ਮਹਿਮਾ ਵਧਾਉਂਦੇ ਹਨ। ਜੇਕਰ ਇਹ ਕਿਹਾ ਜਾਵੇ ਕਿ ਅੱਜਕੱਲ੍ਹ ਲੇਖਕ ਲਿਖਤਾਂ ਲਿਖਦੇ ਨਹੀਂ ਬਲਕਿ ਤਿਆਰ ਕਰਦੇ ਹਨ, ਤਾਂ ਵੀ ਕੋਈ ਗੁਸਤਾਖੀ ਨਹੀਂ ਸਮਝਣੀ ਚਾਹੀਦੀ, ਕਿਉਂਕਿ ਇਹ ਹੀ ਮੌਜੂਦਾ ਆਧੁਨਿਕ ਯੁੱਗ ਦੀ ਸਚਾਈ ਹੈ। ਕੰਪਿਊਟਰ ਯੁੱਗ ਆਉਣ ਵਾਲੇ ਸਮੇਂ ਕਿਹਾ ਜਾਂਦਾ ਸੀ ਕਿ ਇਸ ਤਕਨੀਕ ਨੇ ਲੇਖਕਾਂ ਨੂੰ ਕਾਪੀ ਪੈਨ ਲੈ ਕੇ ਲਿਖਣ ਵਾਲੀ ਆਦਤ ਤੋਂ ਛੁਟਕਾਰਾ ਦਿਵਾ ਦਿੱਤਾ ਹੈ ਅਤੇ ਅਜਿਹਾ ਹੀ ਰੁਝਾਨ ਗਾਇਕਾਂ ਵਿੱਚ ਦੇਖਿਆ ਗਿਆ ਸੀ, ਜਦੋਂ ਨਵੇਂ ਨਵੇਂ ਗਾਇਕਾਂ ਬਾਰੇ ਕਿਹਾ ਜਾਂਦਾ ਸੀ ਕਿ ਗਾਇਕ ਦੀ ਅਵਾਜ਼ ਵੀ ਕੰਪਿਊਟਰ ਹੀ ਸਹੀ ਕਰ ਦਿੰਦਾ ਹੈ, ਪਰ ਹੁਣ ਸਾਇੰਸ ਨੇ ਉਸ ਤੋਂ ਵੀ ਅੱਗੇ ਪੁਲਾਂਘ ਪੁੱਟਦਿਆਂ ਲੇਖਕਾਂ ਕੋਲੋਂ ਕਲਮਾਂ ਹੀ ਨਹੀਂ ਖੋਹੀਆਂ ਸਗੋਂ ਲੇਖਕਾਂ ਦੀ ਲਿਖਣ ਕਲਾ ਨੂੰ ਵੀ ਮਾਰਿਆ ਜਾ ਰਿਹਾ ਹੈ। ਏ ਆਈ ਕਦੇ ਵੀ ਮੌਲਿਕ ਲਿਖਤ ਨਹੀਂ ਦੇ ਸਕਦੀ,ਕਿਉਂਕਿ ਇਹ ਚੋਰੀ ਦੀ ਸਮਝਦਾਰ ਸ਼ਕਲ ਹੈ, ਅਸਲ ਕੁੱਝ ਵੀ ਨਹੀਂ। ਇਹ ਬੜੇ ਸੋਹਣੇ ਢੰਗ ਨਾਲ ਰੂਹ ਵਿਹੂਣੀ ਲਿਖਤ ਪੇਸ਼ ਕਰ ਦਿੰਦੀ ਹੈ। ਅਜੇ ਨਵਾਂ ਨਵਾਂ ਚਾਅ ਇਸ ਤਕਨੀਕ ਦੀਆਂ ਸਹੂਲਤਾਂ ਦੇ ਗੁਣ ਗਾਣ ਕਰਵਾ ਰਿਹਾ ਹੈ,ਪਰ ਉਹ ਸਮਾਂ ਕੋਈ ਬਹੁਤਾ ਦੂਰ ਨਹੀਂ ਜਦੋਂ ਚੈਟ ਜੀ ਪੀ ਟੀ ਵਰਗੀਆਂ ਹੋਰ ਵੀ ਅਤਿ ਆਧੁਨਿਕ ਐਪਾਂ ਲੇਖਕਾਂ ਦੀ ਮੌਲਿਕਤਾ ਦੀਆਂ ਕਾਤਲ ਬਣੀਆਂ ਦਿਖਾਈ ਦੇਣਗੀਆਂ, ਪਰੰਤੂ ਕੋਈ ਚਾਹੁੰਦਾ ਹੋਇਆ ਵੀ ਕੁੱਝ ਨਹੀਂ ਕਰ ਸਕੇਗਾ। ਇਹ ਸਮਾਂ ਕੋਈ ਦੂਰ ਨਹੀਂ ਬਲਕਿ ਜੇਕਰ ਇਹ ਕਿਹਾ ਜਾਵੇ ਕਿ ਸਮਾਜ ਉਸ ਦੌਰ ਵਿੱਚ ਦੀ ਗੁਜ਼ਰ ਰਿਹਾ ਹੈ, ਤਾਂ ਵੀ ਅਤਿਕਥਨੀ ਨਹੀਂ ਹੋਵੇਗੀ। ਇਹ ਸੱਚ ਹੈ ਕਿ ਏ ਆਈ ਨੇ ਲਿਖਣ ਨੂੰ ਅਸਾਨ ਬਣਾ ਦਿੱਤਾ ਹੈ,ਪਰ ਕੀ ਅਸਾਨੀ ਹਮੇਸ਼ਾ ਲਾਭਦਾਇਕ ਹੁੰਦੀ ਹੈ ? ਇਹ ਵੀ ਕਿਹਾ ਜਾ ਰਿਹਾ ਹੈ ਕਿ ਨਵੇਂ ਲੇਖਕਾਂ ਲਈ ਇਹ ਆਧੁਨਿਕ ਤਕਨੀਕ ਇਕ ਅਜਿਹਾ ਸਹਾਰਾ ਬਣਕੇ ਉੱਭਰੀ ਹੈ, ਜਿਸ ਦਾ ਕੋਈ ਤੋੜ ਨਹੀ ਹੈ, ਨਵੇਂ ਲੇਖਕਾਂ ਵਿੱਚ ਲਿਖਣ ਦੀ ਹਿੰਮਤ ਵਧੀ ਹੈ,ਪਰ ਸਵਾਲ ਇਹ ਹੈ ਕਿ ਏ ਆਈ ਦੁਆਰਾ ਉਭਾਰੇ ਗਏ ਲੇਖਕਾਂ ਦੀ ਕਲਮ ਉਹਨਾਂ ਦੀ ਮੌਲਿਕ ਕਹੀ ਜਾ ਸਕਦੀ ਹੈ ? ਅਜਿਹੇ ਖਤਰਿਆਂ ਦਾ ਰੁਝਾਨ ਸੋਚਣ ਅਤੇ ਸੋਚ ਕੇ ਲਿਖਣ ਦੀ ਥਾਂ ਲਿਖਤਾਂ ਤਿਆਰ ਕਰਨ ਦੀ ਅਜਿਹੀ ਕਿਰਿਆ ਬਣਕੇ ਰਹਿ ਗਿਆ ਹੈ, ਜਿਸਨੂੰ ਪਾਠਕ ਦੇ ਰੂਹ ਦੀ ਖੁਰਾਕ ਨਹੀਂ ਕਿਹਾ ਜਾ ਸਕਦਾ।

ਜਦੋਂ ਲੇਖਕ ਕੁੱਝ ਵੀ ਲਿਖਣ ਦੀ ਬਜਾਏ ਲਿਖਤ ਤਿਆਰ ਕਰਨ ਲਈ ਵਾਰ ਵਾਰ ਕੰਪਿਊਟਰ ਵੱਲ, ਮੋਬਾਇਲ ਵੱਲ ਜਾਂ ਕਿਸੇ ਹੋਰ ਸੂਖਮ ਉਪਕਰਣ ਵੱਲ ਦੇਖੇਗਾ ਤਾਂ ਮਨ ਦੇ ਅੰਦਰਲੀ ਬੇਚੈਨੀ, ਉਥਲ ਪੁੱਥਲ, ਕਲਪਨਾ ਅਤੇ ਰਚਨਾਤਮਕਤਾ ਹੌਲੀ ਹੌਲੀ ਖਾਮੋਸ਼ ਹੋ ਜਾਣੀ ਸੁਭਾਵਿਕ ਹੈ। ਏ ਆਈ ਦੀ ਮਦਦ ਅੰਕੜੇ, ਤੱਥ ਇਕੱਤਰ ਕਰਕੇ ਲਿਖਤ ਨੂੰ ਕਾਰਗਰ ਸਾਬਤ ਕਰ ਸਕਦੀ ਹੈ, ਪਰ ਉਸ ਲਿਖਤ ਵਿੱਚ ਉਹ ਅਣ ਦਿਸਦੀ ਚੀਖ, ਪੁਕਾਰ ਸਮਾਜਿਕ ਦਰਦਾਂ ਨੂੰ ਬਿਆਨ ਕਰਨ ਦੀ ਕਲਾ ਅਤੇ ਉਹ ਖੁਸ਼ੀ ਨਸੀਬ ਨਹੀਂ ਹੋ ਸਕਦੀ ਜੋ ਇੱਕ ਸੱਚੀ ਰਚਨਾ, ਭਾਵ ਮੌਲਿਕ ਰਚਨਾ ਵਿੱਚੋਂ ਮਿਲ ਸਕਦੀ ਹੈ। ਇਹ ਤਕਨੀਕ ਲੇਖਕ ਨੂੰ ਆਲਸੀ ਬਣਾਉਣ ਦੇ ਨਾਲ ਉਹਦੀ ਸੋਚ ਨੂੰ ਵੀ ਮਾਰਦੀ ਹੈ। ਲਿਖਣ ਲਈ ਪੜ੍ਹਨਾ ਪੈਂਦਾ ਹੈ, ਰਾਤਾਂ ਦੀ ਨੀਂਦ ਗਾਲਣੀ ਪੈਂਦੀ ਹੈ, ਸ਼ਬਦਾਂ ਦੀ ਚੋਣ ਦਾ ਬਦਲ ਸਿੱਖਣਾ ਪੈਂਦਾ ਹੈ, ਪਰ ਆਧੁਨਿਕਤਾ ਦੇ ਦੌਰ ਵਿੱਚ ਦੋ ਸਤਰਾਂ ਲਿਖ ਕੇ ਲਿਖਤ ਮੰਗੋ ਆਪਣੇ ਨਾਮ ਹੇਠ ਪ੍ਰਕਾਸ਼ਿਤ ਕਰਵਾ ਦਿਓ, ਇਹ ਰਚਨਾ ਨਹੀਂ ਬੌਧਿਕ ਧੋਖਾਧੜੀ ਹੈ। ਜਿਸ ਤਕਨੀਕ ਨੇ ਕਦੇ ਉਨੀਂਦਰਾ ਨਹੀਂ ਝੱਲਿਆ, ਜਿੱਥੇ ਜਬਰ ਜ਼ੁਲਮ ਦਾ ਸ਼ਿਕਾਰ ਹੋਣ ਦਾ ਕੋਈ ਖਤਰਾ ਨਹੀਂ, ਪਿਆਰ ਮੁਹੱਬਤ ਦੀ ਤਨਹਾਈ ਦਾ ਦਰਦ ਨਹੀਂ ਹੰਢਾਇਆ, ਉਹ ਤਕਨੀਕ ਦੁਆਰਾ ਤਿਆਰ ਕੀਤੀ ਲਿਖਤ ਦਰਦ ਕਿਵੇਂ ਬਿਆਨ ਕਰ ਸਕਦੀ ਹੈ। ਜਦੋਂ ਲਿਖਤ ਵਿੱਚੋਂ ਮੌਲਿਕਤਾ ਖਤਮ ਹੋਵੇਗੀ, ਫਿਰ ਲੇਖਕ ਦੀ ਪਛਾਣ ਵੀ ਧੁੰਦਲੀ ਹੋਣੀ ਸੁਭਾਵਿਕ ਹੈ। ਏ ਆਈ ਨੂੰ ਜਾਣਕਾਰੀ ਇਕੱਤਰ ਕਰਨ ਤੱਕ ਵਰਤਣਾ ਜਾਇਜ਼ ਹੈ,ਪਰ ਸਿਰਜਣਾ ’ਤੇ ਅਸਰ ਨਹੀਂ ਪੈਣ ਦੇਣਾ ਚਾਹੀਦਾ। ਜੇਕਰ ਇਸ ਪਾਸੇ ਧਿਆਨ ਨਾ ਦਿੱਤਾ ਗਿਆ, ਤਾਂ ਆਉਣ ਵਾਲੇ ਸਮੇਂ ਵਿੱਚ ਅਸਲ ਲੇਖਕ ਗਾਇਬ ਹੋ ਜਾਣਗੇ, ਸੱਚੀਆਂ ਲਿਖਤਾਂ ਦੀ ਘਾਟ ਮਹਿਸੂਸ ਹੋਵੇਗੀ, ਮਾਰਕਿਟ ਵਿੱਚ ਏ ਆਈ ਉਤਪਾਦ ਹੀ ਛਾਏ ਹੋਣਗੇ। ਏ ਆਈ ਨੂੰ ਸਹੂਲਤ ਤੱਕ ਵਰਤਣਾ ਹੀ ਜਾਇਜ਼ ਹੈ, ਪਰ ਇਸਨੂੰ ਅੰਤਿਮ ਸਚਾਈ ਵਜੋਂ ਪੇਸ਼ ਕਰਨਾ ਨਿਰਾ ਧੋਖਾ ਹੈ। ਇਹ ਸਚਾਈ ਹੈ ਕਿ ਏ ਆਈ ਦੀ ਤਕਨੀਕ ਨਾਲ ਲਿਖਣ ਵਾਲਾ ਲੇਖਕ ਅੱਜ ਤੇਜ਼ ਤਰਾਰ ਲੱਗ ਸਕਦਾ ਹੈ, ਪਰ ਉਸਦਾ ਕੱਲ੍ਹ ਖਾਲੀ ਹੋਵੇਗਾ, ਕਿਉਂਕਿ ਜੋ ਮਨੁੱਖ ਆਪਣੀ ਸੋਚ ਮਸ਼ੀਨ ਨੂੰ ਸੌਂਪ ਦਿੰਦਾ ਹੈ, ਉਹ ਹੌਲੀ ਹੌਲੀ ਆਪਣੇ ਆਪ ਤੋਂ ਵੀ ਭਾਵ ਆਪਣੀ ਸੋਚ ਤੋਂ ਵੀ ਸੱਖਣਾ ਹੋ ਜਾਂਦਾ ਹੈ। ਸੋ ਇਸ ਬੌਧਿਕਤਾ ਦੀ ਕਾਤਲ ਅਤੇ ਲੇਖਕ ਦੀ ਮੌਲਕਿਤਾ ’ਤੇ ਹਮਲਾਵਰ ਬਣ ਕੇ ਪੇਸ਼ ਕੀਤੀ ਇਸ ਅਤਿ ਆਧੁਨਿਕ ਤਕਨੀਕ ਦੇ ਖਤਰਿਆਂ ਪ੍ਰਤੀ ਗੰਭੀਰਤਾ ਨਾਲ ਸੋਚਣ ਦੀ ਬੇਹੱਦ ਜ਼ਰੂਰੀ ਲੋੜ ਹੈ।

**ਬਘੇਲ ਸਿੰਘ ਧਾਲੀਵਾਲ**
**99142-58142**




# Preetnama

प्रीतनामा

खरा सच

Khara Sach

On our English language New Website
WWW.PREET NEWS.COM

Chief Editor
Pritpal Kaur
+1 201-312-4180

Vol 4, Issue 339 | Website: www.preetnama.com Email preetnamausa@gmail.com | 30 JAN TO 05 FEB, 2026


# भारतीय सेनाः शक्ति, रणनीति एवं शहादत का अदभूत संगम

**– योगेश कुमार गोयल**



इस वर्ष हम 78वां सेना दिवस मना रहे हैं। सेना दिवस के अवसर पर पूरा देश थलसेना के अदम्य साहस, जांबाज सैनिकों की वीरता, शौर्य और उसकी शहादत को याद करता है। इस विशेष अवसर पर जवानों के दस्ते और अलग-अलग रेजीमेंट की परेड के अलावा झांकियां भी निकाली जाती हैं और उन सभी बहादुर सेनानियों को सलामी दी जाती है, जिन्होंने देश और लोगों की सलामती के लिए अपना जीवन न्यौछावर कर दिया। 15 जनवरी को ही यह दिवस मनाए जाने का विशेष कारण यही है कि 1899 में कर्नाटक के कुर्ग में जन्मे लेफ्टिनेंट जनरल केएम करियप्पा आज ही के दिन वर्ष 1949 में भारतीय सेना के पहले कमांडर-इन-चीफ बने थे। उन्होंने 15 जनवरी 1949 को ब्रिटिश जनरल फ्रांसिस बुचर से भारतीय सेना की कमान संभाली थी। जनरल फ्रांसिस बुचर भारत के आखिरी ब्रिटिश कमांडर-इन-चीफ थे।1953 में वे भारतीय सेना से सेवानिवृत्त हुए और 94 वर्ष की आयु में 1993 में उनका निधन हुआ। केएम करियप्पा दूसरे ऐसे सेना अधिकारी थे, जिन्हें फील्ड मार्शल की उपाधि दी गई थी। भारतीय थल सेना का गठन ईस्ट इंडिया कम्पनी की सैन्य टुकड़ी के रूप में कोलकाता में 1776 में हुआ था, जो बाद में ब्रिटिश भारतीय सेना बनी और देश की आजादी के बाद इसे 'भारतीय थल सेना' नाम दिया गया। भारतीय सेना की 53 छावनियां और 9 आर्मी बेस हैं और चीन तथा अमेरिका के साथ भारतीय सेना दुनिया की तीन सबसे बड़ी सेनाओं में शामिल है। हमारी सेना संयुक्त राष्ट्र के शांति अभियानों में सबसे बड़ी योगदानकर्ताओं में से एक है। यह दुनिया की कुछेक ऐसी सेनाओं में से एक है, जिसने कभी भी अपनी ओर से युद्ध की शुरूआत नहीं की। भारतीय सेना के ध्वज का बैकग्राउंड लाल रंग का है, ऊपर बायीं ओर तिरंगा झंडा, दायीं ओर भारत का राष्ट्रीय चिह्न और तलवार हैं। सेना दिवस के अवसर पर सेना प्रमुख को सलामी दी जाती रही है लेकिन 2020 में पहली बार सेना प्रमुख के स्थान पर देश के प्रथम सीडीएस बने जनरल बिपिन रावत को सलामी दी गई थी। देश की आजादी के बाद भारतीय सेना पांच बड़े युद्ध लड़ चुकी है, जिनमें चार पाकिस्तान के खिलाफ और एक चीन के साथ लड़ा था। देश की आजादी के बाद 1947-48 में हुए भारत-पाक युद्ध को 'कश्मीर युद्ध' नाम से भी जाना जाता है, जिसके बाद कश्मीर का भारत में विलय हुआ था। 1962 में चीन की पीपुल्स लिबरेशन आर्मी द्वारा धोखे से थाग-ला-रिज पर भारतीय सेना पर हमला बोल दिया गया था। उस जमाने में भातीय सेना के पास स्वचालित और आधुनिक हथियार नहीं होते थे, इसलिए चीन को रणनीतिक बढ़त मिली थी। 1965 के भारत-पाक युद्ध के बाद 1971 में भारतीय सेना ने पाकिस्तान को करारी शिकस्त दी थी। 13 दिनों तक चले उस युद्ध के बाद ही पाकिस्तान के टुकड़े कर बांग्लादेश का जन्म हुआ और पाकिस्तानी जनरल नियाजी के साथ 90 हजार पाक सैनिकों ने जांबाज भारतीय सेना के समक्ष हथियार डाल दिए थे। मई से जुलाई 1999 तक चले कारगिल युद्ध में तो भारतीय सेना ने पाकिस्तान को छठी का दूध याद दिला दिया था। आज पूरी दुनिया भारतीय सेना का लोहा मानती है। आधुनिक हथियारों और प्रौद्योगिकी के साथ भारतीय सेना एक विश्वस्तरीय सेना है। सेना दिवस के महत्वपूर्ण अवसर पर चीन द्वारा वर्तमान में लगातार पेश की जा रही चुनौतियों के दौर में भारतीय सेना की निरन्तर बढ़ती ताकत का उल्लेख करना बेहद जरूरी है। 2025 की 'ग्लोबल फायरपावर रिपोर्ट' के अनुसार भारतीय सेना की गिनती दुनिया की चौथी सबसे बड़ी सेनाओं में की जाती है। इस रिपोर्ट के मुताबिक भारतीय थल सेना के जखीरे में कई तरह के आधुनिक हथियार शामिल हैं, जिनमें आधुनिक टैंकों के साथ बैलिस्टिक मिसाइलें भी हैं। भारत की थल सेना के पास चार हजार से अधिक टैंक हैं। इसके अलावा भारतीय सेना के जखीरे में एक लाख से अधिक आर्म्ड व्हीकल भी शामिल हैं। थल सेना के पास 100 सेल्फ प्रोपेल्ड आर्टिलिरी, 3300 हल्की आर्टिलिरी भी हैं तथा थल सेना के बेड़े में करीब 1500 रॉकेट आर्टिलरी भी शामिल हैं। भारतीय सैन्यबल में 14.45 लाख सक्रिय सैन्यकर्मी हैं, जो दुनिया में दूसरे नंबर पर है।

सेना में 12 लाख से ज्यादा आरक्षित बल तथा बीस लाख अर्धसैनिक बल हैं। भारतीय थलसेना में 4600 से ज्यादा टैंक टी-72, टी-90, अर्जुन एमके-1, अर्जुन एमके-2 इत्यादि टैंक, 5 हजार से ज्यादा तोपें, 290 स्वचालित तोपें, 290 से ज्यादा रॉकेट तोपें तथा 8600 बख्तरबंद वाहन शमिल हैं। रक्षा विशेषज्ञों का मानना है कि भारतीय थलसेना हर परिस्थिति में चीनी सेना से बेहतर और अनुभवी है, जिसके पास युद्ध का बड़ा अनुभव है, जो कि विश्व में शायद ही किसी अन्य देश के पास हो। भले ही चीन के पास भारत से ज्यादा बड़ी सेना और सैन्य साजो-सामान है लेकिन आज के परिप्रेक्ष्य में दुनिया में किसी के लिए भी इस तथ्य को नजरअंदाज करना संभव नहीं हो सकता कि भारत की सेना को अब धरती पर दुनिया की सबसे खतरनाक सेना माना जाता है और सेना के विभिन्न अंगों के पास ऐसे-ऐसे खतरनाक हथियार हैं, जो चीनी सेना के पास भी नहीं हैं। धरती पर लड़ी जाने वाली लड़ाईयों के लिए भारतीय सेना की गिनती दुनिया की सर्वश्रेष्ठ सेनाओं में होती है और कहा जाता है कि अगर किसी सेना में अंग्रेज अधिकारी, अमेरिकी हथियार और भारतीय सैनिक हों तो उस सेना को युद्ध के मैदान में हराना असंभव होगा। जापान के एक आकलन के मुताबिक भारतीय थलसेना चीन के मुकाबले ज्यादा मजबूत है। दक्षिण एशिया में अब भारत का काफी प्रभाव है। अमेरिकी न्यूज वेबसाइट सीएनएन की एक रिपोर्ट में भी दावा किया जा चुका है कि भारत की ताकत पहले के मुकाबले बहुत ज्यादा बढ़ गई है और युद्ध की स्थिति में भारत का पलड़ा भारी रह सकता है। बोस्टन में हार्वर्ड केनेडी स्कूल के बेलफर सेंटर फॉर साइंस एंड इंटरनेशनल अफेयर्स तथा वाशिंगटन के एक अमेरिकी सुरक्षा केन्द्र के अध्ययन में कहा जा चुका है कि भारतीय सेना उच्च ऊंचाई वाले इलाकों में लड़ाई के मामले में माहिर है और चीनी सेना इसके आसपास भी नहीं फटकती।

# दुनिया के 0.1 प्रतिशत अमीर और बढ़ता कार्बन संकट

हाल ही में एक हिंदी न्यूज़ एजेंसी के हवाले से एक प्रतिष्ठित हिंदी दैनिक में यह खबर आई है कि (पर्यावरणीय संस्था ऑक्सफैम की नई रिपोर्ट के अनुसार) दुनिया के सबसे अमीर एक फीसदी लोगों ने 2026 के पहले 10 दिनों में ही अपने हिस्से का पूरे साल का कार्बन बजट खर्च कर दिया। वास्तव में यह बहुत ही संवेदन शील और चिंताजनक बात है। चिंताजनक इसलिए क्यों कि कार्बन बजट खर्च करने का सीधा सा मतलब यह है कि हम कहीं न कहीं पृथ्वी के भविष्य को जोखिम में डाल रहे हैं। यहां पाठकों को बताता चलूं कि कार्बन बजट वह अधिकतम मात्रा है, जितनी कार्बन डाइऑक्साइड मानवता वातावरण में छोड़ सकती है, ताकि वैश्विक तापमान वृद्धि को 1.5 डिग्री सेल्सियस या 2 डिग्री सेल्सियस की सीमा में रखा जा सके। यदि यह कार्बन बजट पूरी तरह खर्च हो जाता है, तो इसके गंभीर परिणाम होंगे।मसलन, इससे धरती के तापमान में तेज़ बढ़ोतरी होगी। दूसरे शब्दों में कहें तो कार्बन बजट खर्च करने से पृथ्वी का औसत तापमान तय सीमा से ऊपर चला जाएगा, जिससे जलवायु असंतुलन बढ़ेगा।इससे अत्यधिक मौसमीय घटनाएँ होंगी। मसलन, धरती पर भीषण गर्मी और हीटवेव, अनियमित व अत्यधिक वर्षा के साथ ही साथ बाढ़, सूखा और चक्रवातों की तीव्रता में भी अभूतपूर्व वृद्धि होगी। हिमनद और ध्रुवीय बर्फ पिघलने से समुद्र स्तर बढ़ेगा, तथा इसके परिणामस्वरूप विभिन्न तटीय शहरों और द्वीपीय देशों पर अस्तित्व का संकट आएगा। इससे धरती पर कृषि और खाद्य सुरक्षा पर भी संकट खड़ा हो जाएगा। वास्तव में इससे विभिन्न फसलों की उत्पादकता घटेगी, धरती पर पानी की कमी बढ़ेगी और खाद्य संकट गहराएगा।जैव-विविधता को गहरा नुकसान पहुंचेगा तथा कई प्रजातियाँ विलुप्त होंगी और जब ऐसा होगा तो इससे धरती का पारिस्थितिक संतुलन बिगड़ जाएगा।मानव स्वास्थ्य पर भी इसका(बजट खर्च का) प्रभाव पड़ेगा और गर्मी से मृत्यु दर में वृद्धि, नई बीमारियों का प्रसार तथा धरती पर स्वच्छ जल और हवा की कमी हो जाएगी। यह सब होने से आर्थिक व सामाजिक अस्थिरता पर बहुत गहरा प्रभाव पड़ेगा।दरअसल, प्राकृतिक आपदाओं से आर्थिक नुकसान होगा, और परिणामस्वरूप पलायन और सामाजिक तनाव बढ़ेंगे। निष्कर्ष यह है कि यदि कार्बन बजट समय रहते नियंत्रित नहीं किया गया, तो जलवायु परिवर्तन अपरिवर्तनीय स्तर तक पहुँच सकता है।

# चेहरे की बेजान त्वचा में कारगर है शहद का मास्क

सर्दियों में त्वचा के रूखेपन और दाग-धब्बों को दूर करने के लिए शहद, एलोवेरा और गुलाब जल से बना फेस मास्क एक प्रभावी घरेलू उपाय है। इस ओवरनाइट मास्क को रातभर चेहरे पर लगाकर सोने से त्वचा को गहराई से पोषण मिलता है और सुबह प्राकृतिक चमक नजर आती है।

It is a very good sign that today an increasingly large number of the intelligentsia have begun to raise their voices about the need to practise values in order to improve the quality of life and to make the world a better place to live in. It is a sign of this age, and also of intellectualism, that once people take up a topic for serious discussion, they begin to analyse it, dissect it, describe it and give a detailed explanation of it from various angles.

For an in-depth study, and in keeping with the spirit of the times, this is all right. But all these discussions and descriptions lose their purpose and charm if we merely intellectualise them and do not take care to give them spiritual content and put them into practice. We all know that vitamins are of great value, as they remove certain deficiencies and provide us with essential nutritive components. However, mere talk of vitamins, without taking the required ones into our physical system, would not help us in any way. Similarly, merely talking about values has its own



importance, but it does not take the place of the values we talk about.

Most people living in modern society talk about values for two reasons. One of these is that it has become fashionable to talk about them, as there is a powerful wave or current, and people prefer to go with the current rather than against it. A few years ago, hardly anyone would talk about moral values, attitudes and moods, but today these are prominent topics discussed everywhere, and they are perhaps among the most popular subjects for conversation, discussion, dialogue, conferences and articles. Some people speak on these subjects to show that they are in tune with the spirit of the times. However, the need in this case is that they should themselves realise the true worth of values and not merely be carried along by the current.

Secondly, as the famous psychologist Carl Jung said in his writings on psychology, "man wears masks", which he called the "persona". It is a fact that most of us wear various masks in order to seek acceptance, commendation and praise. However, this mask does not represent our real self. So, even though a person talks about values, he may, in truth, be the very opposite, and he might not be practising them in his personal life. In that case, it would be mere hypocrisy, and it would do a disservice to the very cause.

When people discover that those in power and high positions talk of values but do not practise them, they become disillusioned and lose hope. Especially when they see that a great majority of people violate values in practical life, though they loudly proclaim them in public, they feel frustrated. This creates a negative wave that counteracts the noble work of promoting values. In such matters, hypocrisy is the worst enemy, while sincerity is the true friend and promoter.

# The unfinished journey of a living Constitution

Every year, when we celebrate our Republic Day, it is a matter of pride, joy and fulfillment. Surviving all these years — enduring three wars, insurgencies, countless natural disasters, epidemics and what have — as a nation is no mean feat. All these years, Constitution of India has remained a beacon of light, guiding and showing path when it was pitch dark. It is also a time for national introspection.

When the Constitution was adopted in 1950, it was not merely the end of the British Raj in technical terms, it was the beginning of a complex experiment in governance and in protecting the idea of India; of governing a civilisation-state democratically with collective responsibility. India went on to rebuild itself brick-by-brick as the world watched eagerly the unique Indian experiment.

Many nations that won independence along with India in the aftermath of the Second World War tumbled into dictatorships, economic mess, and their fragile democracies were quickly replaced by army rule after coups. India, though it went through tough times, endured and came out with flying colours.

Seventy-six years later, the Indian Republic stands tall, vindicating that the dream the founding fathers of the Constitution envisaged has indeed not only survived but has excelled in many ways. A big credit for this goes to the Constitution, which is flexible yet firm, pluralistic, yet ensured unity and maintains a fine balance among the three pillars of the state-the Legislature, the Executive, and the Judiciary.

To rebuild a country after the economic exploitation of colonial rule was not easy. A country that was largely illiterate, chose universal adult franchise. It adopted democracy despite the fact that it is a Western construct and requires informed and educated citizens to make the right choices. Yet, the Constituent Assembly, led by BR Ambedkar, drafted a Constitution that relied upon the acumen and wisdom of the Indian people; they may have lacked formal education, but their wisdom, gathered over centuries, guided their hand when they voted to govern themselves. Barring for the short period of 'Emergency' Indian democracy has survived all challenges thrown at it. India has transitioned from food scarcity to food security, from a controlled economy to one of the world's fastest-growing major



economies, and from diplomatic marginality to global relevance. A large chunk of the people has been lifted out of poverty; access to education, healthcare, infrastructure, and digital connectivity has expanded. Yet, the Republic's work is far from complete. Economic growth has not always translated into equitable prosperity.

Inequality-of income, opportunity, and social capital-remains a pressing challenge. Social harmony is fragile, often strained by polarisation, misinformation, and identity anxieties. 'Vande Mataram', the eternal song of love for the motherland, which President Droupadi Murmu mentioned in her speech, must guide us forward.

Keeping the spirit of Vande Mataram alive means respecting diversity and freedom to disagree. It also means recognising that love for the motherland is best expressed through justice, empathy, and constitutional fidelity.

# ਦਖ਼ਲ ਅੰਦਾਜ਼ੀ



ਯੂਨੀਵਰਸਿਟੀ ਵਿੱਚ ਪੜ੍ਹਦਿਆਂ ਸਿਮਰ ਨੂੰ ਰਾਹੁਲ ਨਾਲ ? ਪਿਆਰ ਹੋ ਗਿਆ ਸੀ। ਪਹਿਲਾਂ ਪਹਿਲ ਦੋਹਾਂ ਦੀ ਗੱਲ ਬਾਤ ਕੰਟੀਨ ਵਿੱਚ ਇੱਕਠੇ ਚਾਹ ਪੀਣ ਤੱਕ ਸੀਮਤ ਸੀ। ਫਿਰ ਹੌਲੀ ਹੌਲੀ ਉਹਨਾਂ ਨੇ ਵਿਆਹ ਦੇ ਬੰਧਨ ਵਿੱਚ ਬੱਝਣ ਦਾ ਫ਼ੈਸਲਾ ਲੈ ਲਿਆ। ਦੋਵਾਂ ਨੇ ਆਪਣੇ ਆਪਣੇ ਘਰ ਗੱਲ ਕੀਤੀ । ਸਿਮਰ ਦੇ ਮਾਪੇ ਇਸ ਵਿਆਹ ਲਈ ਰਾਜ਼ੀ ਨਹੀਂ ਸਨ। ਕਈ ਵਾਰ ਤਾਂ ਇਸ ਪਿੱਛੇ ਉਸ ਦੇ ਮਾਪੇ ਉਸ ਤੋਂ ਫੋ ?ਨ ਖੋਹ ਲੈਂਦੇ ਸਨ।ਪਰ ਕਿਵੇਂ ਨਾ ਕਿਵੇਂ ਉਹ ਰਾਹੁਲ ਨੂੰ ਆਪਣਾ ਸੁੱਖ ਸੁਨੇਹਾ ਦੇ ਦਿੰਦੀ ਸੀ। ਘਰ ਵਿੱਚ ਹਰ ਵੇਲੇ ਤਣਾਅ ਦਾ ਮਾਹੌਲ ਬਣਿਆ ਰਹਿੰਦਾ। ਦੂਜੇ ਪਾਸੇ ਰਾਹੁਲ ਮਾਪਿਆਂ ਦਾ ਇਕਲੌਤਾ ਪੁੱਤਰ ਹੋਣ ਕਰਕੇ ਉਸ ਦੇ ਮਾਪੇ ਰਾਜ਼ੀ ਹੋ ਗਏ ਸਨ। ਇੱਕ ਦਿਨ ਸਿਮਰ ਨੇ ਘਰੋਂ ਭੱਜ ਕੇ ਰਾਹੁਲ ਨਾਲ ਚੋਰੀ ਚੋਰੀ ਵਿਆਹ ਕਰਵਾ ਲਿਆ।

ਰਾਹੁਲ ਦੇ ਘਰ ਵਿੱਚ ਉਨ੍ਹਾਂ ਦੋਨਾਂ ਤੋਂ ਇਲਾਵਾ ਉਸ ਦੇ ਮਾਂ ਬਾਪ ਹੀ ਰਹਿੰਦੇ ਸਨ ।ਸਿਮਰ ਨੂੰ ਵੀ ਸਹੁਰੇ ਘਰ ਵਿੱਚ ਸਾਰਿਆਂ ਤੋਂ ਬਹੁਤ ਪਿਆਰ ਮਿਲਦਾ ਸੀ ।ਉਹ ਵੀ ਆਪਣੇ ਮਾਂ ਬਾਪ ਨੂੰ ਵਸ ਕੇ ਦਿਖਾਉਣਾ ਚਾਹੁੰਦੀ ਸੀ। ਰਾਹੁਲ ਦੇ ਮਾਤਾ-ਪਿਤਾ ਵੀ ਦੋਵੇਂ ਪੜ੍ਹੇ-ਲਿਖੇ ਸਨ। ਉਹ ਉਸ ਦੀ ਹਰ ਰੀਝ ਪੂਰੀ ਕਰਦੇ ਸਨ। ਵੈਸੇ ਸਿਮਰ ਦਾ ਸੁਭਾਅ ਤਾਂ ਪੇਕੇ ਘਰ ਤੋਂ ਹੀ ਬਹੁਤ ਵਧੀਆ ਨਹੀਂ ਸੀ। ਉਹ ਬਹੁਤ ਘੁੰਮਡੀ ਕੁੜੀ ਸੀ। ਵਿਆਹ ਨੂੰ ਛੇ ਮਹੀਨੇ ਲੰਘੇ ਸਨ ਕਿ ਉਹ ਆਪਣੇ ਗੁਸੈਲੇ ਅਤੇ ਘੁਮੰਡੀ ਸੁਭਾਅ ਦਾ ਰੰਗ ਦਿਖਾਉਣ ਲੱਗੀ। ਅਕਸਰ ਉਹ ਰਾਹੁਲ ਨਾਲ ਝਗੜਾ ਕਰਨ ਲੱਗੀ। ਰਾਹੁਲ ਦੀ ਮਾਂ ਤਾਂ ਸਿਮਰ ਨੂੰ ਬਿਲਕੁਲ ਚੰਗੀ ਨਹੀਂ ਲੱਗਦੀ ਸੀ, ਉਸ ਨੂੰ ਕਦੇ ਵੀ ਊਟ-ਪਟਾਂਗ ਬੋਲ ਦਿੰਦੀ ਤਾਂ ਮਾਂ ਸਹਿਜੇ ਹੀ ਕਹਿ ਦਿੰਦੀ ,÷ਚੱਲ ਕੋਈ ਨਾ.... ਨਿਆਣੀ ਆ.....ਜੇ ਮੇਰੀ ਢਿੱਡੋਂ ਜੰਮੀ ਧੀ ਹੁੰਦੀ ਤਾਂ ......ਭਲਾ ਉਹਦਾ ਕਿਹੜਾ ਮੈਂ ਗੁੱਸਾ ਕਰਨਾ ਸੀ।÷ਪਰ ਉਹ ਡਰਦੀ ਉਸ ਨੂੰ ਇੱਕ ਲਫ਼ਜ਼ ਨਾ ਬੋਲਦੀ ਕਿਉਂ ਕਿ ਉਹ ਡਰਦੀ ਸੀ ਕਿ ਪਤਾ ਨਹੀਂ ਕਿਹੜੇ ਵੇਲੇ ਉਸ ਨੇ ਬਾਤ ਦਾ ਬਤੰਗੜ ਬਣਾ ਦੇਣਾ ਹੁੰਦਾ ਸੀ।

ਵਿਆਹ ਤੋਂ ਡੇਢ ਕੁ ਸਾਲ ਬਾਅਦ ਉਹਨਾਂ ਦੇ ਘਰ ਪੁੱਤਰ ਨੇ ਜਨਮ ਲਿਆ। ਸਾਰੇ ਪਰਿਵਾਰ ਵਿੱਚ ਬਹੁਤ ਖੁਸ਼ੀ ਦਾ ਮਾਹੌਲ ਸੀ ।ਮੁੰਡਾ ਸੱਤ ਮਹੀਨੇ ਦਾ ਹੋ ਗਿਆ ਸੀ ਤੇ ਲੋਹੜੀ ਵੀ ਆ ਗਈ ਸੀ ।ਸਾਰੇ ਬਹੁਤ ਖੁਸ਼ ਸਨ। ਆਪਣੇ ਘਰ ਦੇ ਚਿਰਾਗ ਦੀ ਪਹਿਲੀ ਲੋਹੜੀ ਨੂੰ ਬਹੁਤ ਧੂਮ-ਧਾਮ ਨਾਲ ਮਨਾਇਆ ਗਿਆ ।ਸਿਮਰ ਦੇ ਪੇਕਿਆਂ ਨਾਲ ਮਿਲਵਰਤਣ ਸ਼ੁਰੂ ਕਰਨ ਦੇ ਬਹਾਨੇ ਉਹਨਾਂ ਨੂੰ ਵੀ ਸੱਦਾ ਭੇਜਿਆ ਗਿਆ। ਸਿਮਰ ਦੇ ਪੇਕਿਆਂ ਨੂੰ ਵੀ ਲੱਗਿਆ ਕਿ ਹੁਣ ਉਹਨਾਂ ਦੀ ਧੀ ਵਸ ਗਈ ਹੈ ਇਸ ਲਈ ਉਹਨਾਂ ਨੇ ਜੋ ਖਰਚਾ ਵਿਆਹ ਤੇ ਕਰਨਾ ਸੀ ,ਸਾਰਾ ਦਾਜ-ਦਹੇਜ ਲਈ ਫਰਨੀਚਰ ਅਤੇ ਕਾਰ ਇਸ ਲੋਹੜੀ ਦੇ ਸਮਾਗਮ ਸਮੇਂ ਦੇ ਕੇ ਗਏ। ਜਦ ਕਿ ਰਾਹੁਲ ਦੇ ਮਾਤਾ-ਪਿਤਾ ਇਸ ਪੱਖ ਵਿੱਚ ਬਿਲਕੁਲ ਨਹੀਂ ਸਨ ।ਸਭ ਕੁਝ ਖੁਸ਼ੀ-ਖੁਸ਼ੀ ਨਿਪਟ ਗਿਆ ਪਰ ਸਿਮਰ ਦੇ ਮਾਪਿਆਂ ਦੇ ਮਨ ਦੀ ਕੜਵਾਹਟ ਦੂਰ ਨਾ ਹੋਈ।

ਹੁਣ ਸਿਮਰ ਨੂੰ ਆਪਣੇ ਮਾਂ ਬਾਪ ਦਾ ਵੱਡੇ ਹੋਣ ਦਾ ਫਤੂਰ ਸਿਰ ਨੂੰ ਚੜ੍ਹਨ ਲੱਗ ਪਿਆ ਸੀ। ਉਹ ਅਕਸਰ ਆਪਣੀ ਮਾਂ ਨਾਲ ਫੋਨ ਤੇ ਗੱਲਬਾਤ ਕਰਦੀ ਰਹਿੰਦੀ ।ਉਸ ਦੀ ਮਾਂ ਇੱਕ ਅਨਪੜ੍ਹ ਔਰਤ ਸੀ। ਪਰ ਉਹ ਆਪਣੇ ਆਪ ਨੂੰ ਬਹੁਤ ਹੁਸ਼ਿਆਰ ਸਮਝਦੀ ਸੀ ।ਉਸ ਨੇ ਸਿਮਰ ਨੂੰ ਕਿਹਾ,÷ਤੂੰ ਐਨੀ ਪੜ੍ਹੀ ਹੋਈ ਹੈਂ.....ਤੂੰ ਘਰ ਰਹਿ ਕੇ ਰੋਟੀਆਂ ਸੇਕਣ ਜੋਗੀ ਈ ਰਹਿਣਾ ? ਜਵਾਕ ਆਪੇ ਤੇਰੀ ਸੱਸ ਸੰਭਾਲੂ...ਤੂੰ ਕੋਈ ਨੌਕਰੀ ਲੱਭ.... ਨਾਲ ? ਆਪਣੇ ਚਾਰ ਪੈਸੇ ਜੋੜ..... ਤੂੰ ਆਪਣੀ ਗੱਡੀ ਤੇ ਟੌਹਰ ਨਾਲ ਡਿਊਟੀ ਤੇ ਜਾਈਂ....ਐਥੇ ਖੜ੍ਹੀ ਇਹਨਾਂ ਲੋਕਾਂ ਨੇ ਇਸ ਭੰਨਣੀ ਆ.... ।÷ ਰਾਹੁਲ ਦੇ ਨਾ ਚਾਹੁੰਦੇ ਹੋਏ ਵੀ ਉਸ ਨੇ ਇੱਕ ਪ੍ਰਾਈਵੇਟ ਕੰਪਨੀ ਵਿੱਚ ਨੌਕਰੀ ਕਰਨੀ ਸ਼ੁਰੂ ਕਰ ਦਿੱਤੀ। ਰਾਹੁਲ ਦੀ ਮਾਂ ਉਸ ਦੇ ਨੌਕਰੀ ਕਰਦੀ ਕਰਕੇ ਹੁਣ ਉਸ ਤੋਂ ਕੋਈ ਕੰਮ ਨਾ ਕਰਵਾਉਂਦੀ ਸਗੋਂ ਉਸ ਨੂੰ ਤਾਜ਼ਾ ਖਾਣਾ ਬਣਾ ਕੇ ਉਸ ਨੂੰ ਟਿਫ਼ਨ ਖ਼ੁਦ ਬਣਾ ਕੇ ਦਿੰਦੀ। ਘਰ ਵਿੱਚ ਉਸ ਦੇ ਅਰਾਮ ਦਾ ਪੂਰਾ ਖਿਆਲ ਰੱਖਿਆ ਜਾਂਦਾ। ਫਿਰ ਵੀ ਉਹ ਕਿਸੇ ਨੂੰ ਸਿੱਧੇ ਮੂੰਹ ਨਾ ਬੁਲਾਉਂਦੀ। ਕਮਰੇ ਵਿੱਚ ਬੰਦ ਸਾਰਾ ਦਿਨ ਫੋਨ ਤੇ ਲੱਗੀ ਰਹਿੰਦੀ। ਰਾਹੁਲ ਨੂੰ ਵੀ ਆਪਣੀ ਨੌਕਰੀ ਦਾ ਰੋਹਬ ਦੇਣ ਲੱਗੀ। ਜੇ ਕਿਤੇ ਰਾਹੁਲ ਦੀ ਮਾਂ ਕੋਲ ਗੋਦੀ ਚੁੱਕਿਆਂ ਉਸ ਦੇ ਮੁੰਡੇ ਨੇ ਰੋ ਪੈਣਾ ਤਾਂ ਉਸ ਨੇ ਕਈ ਗੱਲਾਂ ਸੱਸ ਨੂੰ ਸੁਣਾ ਦੇਣੀਆਂ। ਸਹੁਰੇ ਨੇ ਘਰ ਦਾ ਮਾਹੌਲ ਠੀਕ ਰੱਖਣ ਲਈ ਆਪਣੀ ਪਤਨੀ ਨੂੰ ਹੀ ਡਾਂਟ ਦੇਣਾ ਤਾਂ ਜੋ ਸਿਮਰ ਸ਼ਾਂਤ ਤੇ ਖੁਸ਼ ਰਹੇ। ਸਿਮਰ ਆਪਣੀ ਪੇਕਿਆਂ ਦੀ ਦਿੱਤੀ ਕਾਰ ਵਿੱਚ ਡਿਊਟੀ ਕਰਨ ਜਾਂਦੀ ਜਦ ਕਿ ਰਾਹੁਲ ਆਪਣੀ ਕਾਰ ਵਿੱਚ ਜਾਣ ਦੀ ਬਜਾਏ ਮੋਟਰਸਾਈਕਲ ਤੇ ਹੀ ਨੌਕਰੀ ਤੇ ਜਾਂਦਾ।

ਨਿਊਜਾਰਕ ਪ੍ਰੀਤਨਾਮਾ
ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ ਖਰਾ ਸੱਚ
ਬਰਜਿੰਦਰ ਕੌਰ ਬਿਸਰਾਓ...
9988901324

ਹੁਣ ਮਾਂ ਦਾ ਫ਼ੋਨ ਸਵੇਰ ਦੇ ਉੱਠਣ ਤੋਂ ਰਾਤ ਦੇ ਸੌਣ ਵੇਲੇ ਤੱਕ ਪਤਾ ਨਹੀਂ ਕਿੰਨੀ ਕੁ ਵਾਰ ਆਉਂਦਾ। ਘਰ ਦੀ ਇੱਕ ਇੱਕ ਗੱਲ ਉਹ ਆਪਣੀ ਮਾਂ ਨਾਲ ਕਰਦੀ ।ਉਸ ਦੀ ਮਾਂ ਉਸ ਨੂੰ ਕਹਿੰਦੀ,÷ ਧੀਏ ... ! ਦਬ ਕੇ ਨੀਂ ਰਹੀਦਾ ਹੁੰਦਾ......ਜੇ ਤੂੰ ਇੱਕ ਵਾਰੀ ਦਬ ਗਈ ........ਤਾਂ ਸਾਰੇ ਟੱਬਰ ਨੇ .....ਤੇਰੇ ਤੇ ਛਾਪਾ ਪਾ ਲੈਣਾ......ਕੈੜੀ ਹੋ ਕੇ ਰਿਹਾ ਕਰ......ਨਾਲ ? ਅਸੀਂ ਕਿਹੜਾ ਕੋਈ ਕਮੀ ਰੱਖੀ ਆ........ ਅਗਲਿਆਂ ਦਾ ਘਰ ਭਰ ਦਿੱਤਾ.... ।÷ਮਾਂ ਦੀ ਸ਼ਹਿ ਕਰਕੇ ਘਰ ਵਿੱਚ ਸਿਮਰ ਦਾ ਵਰਤਾਰਾ ਸਾਰਿਆਂ ਨਾਲ ? ਬਦ ਤੋਂ ਬਦਤਰ ਹੁੰਦਾ ਗਿਆ। ਰਾਹੁਲ ਨੇ ਡਰਦੇ ਡਰਦੇ ਕਈ ਵਾਰੀ ਸਮਝਾਉਣ ਲੱਗਣਾ ਤਾਂ ਉਲਟਾ ਕਲੇਸ਼ ਕਰ ਦੇਣਾ ਤੇ ਕਹਿਣਾ,÷ਤੇਰੀ ਮਾਂ ਨੇ ਤੈਨੂੰ ਚੱਕ ਦਿੱਤਾ ਹੈ.......ਇਹ ਭੋਲ ?ੀ ਬਣ ਕੇ .....ਪਖੰਡ ਕਰਦੀ ਆ......ਇਹ ਹੈ ਬੜੀ ਚੰਟ-ਚਲਾਕ ਜ਼ਨਾਨੀ...... ।÷ਹੁਣ ਉਹ ਬਹੁਤ ਮਜ਼ਬੂਰ ਹੋ ਗਿਆ ਸੀ ।ਉਸ ਨੂੰ ਕੁਝ ਸਮਝ ਨਹੀਂ ਸੀ ਆ ਰਿਹਾ ਕਿ ਕੀ ਕਰੇ। ਉਹ ਸੋਚਦਾ ਸਾਡੇ ਦੇਸ਼ ਦਾ ਕਾਨੂੰਨ ਵੀ ਤਾਂ ਲੜਕੀਆਂ ਦੇ ਪੱਖ ਦੀ ਹੀ ਗੱਲ ਕਰਦਾ ਹੈ ।ਉਸ ਨੂੰ ਲੱਗਦਾ ਜਿਵੇਂ ਉਸ ਲਈ ਸਾਰੇ ਰਸਤੇ ਬੰਦ ਹੋ ਗਏ ਹੋਣ। ਕਈ ਵਾਰ ਤਾਂ ਉਹ ਆਤਮਹੱਤਿਆ ਕਰਨ ਬਾਰੇ ਵੀ ਸੋਚਦਾ ਪਰ ਆਪਣੇ ਮਾਂ ਬਾਪ ਅਤੇ ਛੋਟੇ ਜਿਹੇ ਬੇਸਮਝ ਪੁੱਤਰ ਵੱਲ ਵੇਖ ਕੇ ਆਪਣੇ ਆਪ ਨੂੰ ਸਮਝਾਉਂਦਾ ਤੇ ਕੰਮ ਵਿੱਚ ਧਿਆਨ ਲਾਉਣ ਤੇ ਜ਼ੋਰ ਦਿੰਦਾ।

ਰਾਹੁਲ ਬਹੁਤ ਬੁਝਿਆ ਬੁਝਿਆ ਰਹਿਣ ਲੱਗ ਪਿਆ ਸੀ। ਹੁਣ ਉਹ ਆਪਣੇ ਘਰ ਨਾਲੋਂ ਜ਼ਿਆਦਾ ਨੌਕਰੀ ਨੂੰ ਤਰਜੀਹ ਦੇਣ ਲੱਗਾ ਕਿਉਂਕਿ ਸਿਮਰ ਨੂੰ ਉਸ ਵਿੱਚ ਕੋਈ ਦਿਲਚਸਪੀ ਨਹੀਂ ਸੀ। ਸਿਮਰ ਦੀ ਦੁਨੀਆ ਤਾਂ ਸਿਰਫ਼ ਉਸ ਦੀ ਮਾਂ ਦੇ ਫ਼ੋਨਾਂ ਤੱਕ ਹੀ ਸੀਮਤ ਰਹਿ ਗਈ ਸੀ। ਦੋਹਾਂ ਵਿਚਲਾ ਵਿਆਹ ਤੋਂ ਪਹਿਲਾਂ ਵਾਲ ?ਾ ਪਿਆਰ ਤਾਂ ਖੰਭ ਲਾਕੇ ਉਡ ਹੀ ਗਿਆ ਸੀ ਪਰ ਸਿਮਰ ਦੁਆਰਾ ਰਾਹੁਲ ਦੀ ਮਾਂ ਪ੍ਰਤੀ ਨਫ਼ਰਤ ਉਸ ਦਾ ਕਲੇਜਾ ਕੱਢ ਲੈਂਦੀ। ਕਈ ਵਾਰ ਉਹ ਇਕੱਲਾ ਬਹਿ ਕੇ ਰੋ ਲੈਂਦਾ। ਉਹ ਮਨ ਹੀ ਮਨ ਵਿੱਚ ਮਾਂ ਤੋਂ ਮਾਫ਼ੀ ਮੰਗਦਾ। ਉਹ ਸ਼ਿਕਾਇਤ ਵੀ ਕਿਸ ਕੋਲ ਕਰਦਾ ? ਵਿਆਹ ਵੀ ਤਾਂ ਉਸ ਨੇ ਆਪਣੀ ਪਸੰਦ ਦੀ ਕੁੜੀ ਨਾਲ ਕਰਵਾਇਆ ਸੀ। ਸਿਮਰ ਨਾ ਆਪਣੇ ਬੱਚੇ ਨੂੰ ਪਿਆਰ ਕਰਦੀ ਨਾ ਪਤੀ ਨੂੰ ਸਗੋਂ ਹਰ ਵੇਲੇ ਨਿੱਕੀ ਨਿੱਕੀ ਗੱਲ ਤੇ ਕਲੇਸ਼ ਕਰਕੇ ਘਰ ਨੂੰ ਨਰਕ ਬਣਾ ਦਿੱਤਾ ਸੀ।

ਰਾਹੁਲ ਨੂੰ ਕਿਸੇ ਵਿਦੇਸ਼ੀ ਕੰਪਨੀ ਵਿੱਚ ਪੱਕੀ ਨੌਕਰੀ ਮਿਲ ਗਈ ਸੀ,ਉਸ ਨੇ ਦੋ ਤਿੰਨ ਵਾਰ ਸਿਮਰ ਨੂੰ ਦੱਸਣ ਦੀ ਕੋਸ਼ਿਸ਼ ਕੀਤੀ ਪਰ ਉਹ ਕਦੇ ਆਪਣੇ ਦਫ਼ਤਰ ਦੇ ਸਾਥੀਆਂ ਨਾਲ ਤੇ ਕਦੇ ਮਾਂ ਨਾਲ ਫ਼ੋਨ ਤੇ ਗੱਲ ਕਰਨ ਵਿੱਚ ਰੁੱਝੀ ਰਹਿੰਦੀ ਤੇ ਉਸ ਨੂੰ ਰਾਹੁਲ ਦੀ ਕਿਸੇ ਗੱਲ ਨੂੰ ਸੁਣਨ ਵਿੱਚ ਕੋਈ ਦਿਲਚਸਪੀ ਨਹੀਂ ਸੀ। ਉਹ ਤਾਂ ਆਪਣੀ ਕੰਪਨੀ ਵੱਲੋਂ ਜਾ ਰਹੇ ਪੰਦਰਾਂ ਦਿਨ ਦੇ ਟੂਰ ਨਾਲ ਜਾਣ ਦੀਆਂ ਤਿਆਰੀਆਂ ਵਿੱਚ ਲੱਗੀ ਹੋਈ ਸੀ। ਉਸ ਨੇ ਤਾਂ ਕਿਸੇ ਤੋਂ ਇਜਾਜ਼ਤ ਲੈਣੀ ਵੀ ਜ਼ਰੂਰੀ ਨਹੀਂ ਸਮਝੀ ਸੀ। ਇਸੇ ਸਮੇਂ ਦੌਰਾਨ ਰਾਹੁਲ ਨੇ ਵਿਦੇਸ਼ ਜਾ ਕੇ ਆਪਣੀ ਨੌਕਰੀ ਸ਼ੁਰੂ ਕਰਨੀ ਸੀ। ਉਸ ਦਾ ਨਫ਼ਰਤ ਭਰਿਆ ਵਰਤਾਉ ਵੇਖ ਕੇ ਰਾਹੁਲ ਨੇ ਚੁੱਪ ਚੁਪੀਤੇ ਆਪਣੇ ਮਾਂ ਬਾਪ ਅਤੇ ਬੇਟੇ ਦੇ ਕਾਗਜ਼ ਤਿਆਰ ਕਰਵਾਏ। ਆਪਣਾ ਘਰ ਉਸ ਨੇ ਪਹਿਲਾਂ ਹੀ ਵੇਚਣਾ ਲਾਇਆ ਹੋਇਆ ਸੀ ਤਾਂ ਕਿਉਂ ਕਿ ਸਿਮਰ ਦੀ ਜ਼ਿੱਦ ਸੀ ਕਿ ਹੋਰ ਵੱਡਾ ਘਰ ਬਣਾਇਆ ਜਾਵੇ। ਉਹਨਾਂ ਦਾ ਘਰ ਵਿਕ ਗਿਆ ਸੀ। ਹੁਣ ਉਸ ਨੇ ਸਿਮਰ ਨੂੰ ਜ਼ਰਾ ਜਿੰਨੀ ਵੀ ਸੂਹ ਨਹੀਂ ਸੀ ਲੱਗਣ ਦਿੱਤੀ। ਸਿਮਰ ਘਰ ਵਿੱਚ ਬਗੈਰ ਕਿਸੇ ਤੋਂ ਆਗਿਆ ਲਏ ਆਪਣੇ ਦਫ਼ਤਰ ਦੇ ਸਟਾਫ਼ ਨਾਲ ਪੰਦਰਾਂ ਦਿਨਾਂ ਦੇ ਟੂਰ ਤੇ ਘੁੰਮਣ ਚਲੀ ਗਈ ਸੀ। ਜਾਂਦੇ ਜਾਂਦੇ ਆਪਣੇ ਸਹੁਰੇ ਨੂੰ ਆਪਣੇ ਪੁੱਤਰ ਦਾ ਧਿਆਨ ਰੱਖਣ ਲਈ ਕਹਿ ਗਈ ਸੀ। ਵੈਸੇ ਵੀ ਤਾਂ ਉਹੀ ਉਸ ਨੂੰ ਪਾਲ ? ਰਹੇ ਸਨ ।ਮਗਰੋਂ ਰਾਹੁਲ ਆਪਣੇ ਮਾਤਾ-ਪਿਤਾ ਅਤੇ ਪੁੱਤਰ ਨਾਲ ਵਿਦੇਸ਼ ਚਲਾ ਗਿਆ ।ਜਦ ਸਿਮਰ ਟੂਰ ਤੋਂ ਵਾਪਸ ਆਈ ਤਾਂ ਘਰ ਨੂੰ ਤਾਲਾ ਲੱਗਿਆ ਹੋਇਆ ਸੀ ।ਰਾਹੁਲ ਵੱਲੋਂ ਸਿਮਰ ਦੇ ਨਾਂ ਇੱਕ ਚਿੱਠੀ ਲਿਖੀ ਹੋਈ ਸੀ ਜੋ ਉਹ ਜਾਂਦਾ ਹੋਇਆ ਗੁਆਂਢੀਆਂ ਦੇ ਘਰ ਦੇ ਗਿਆ ਸੀ। ਉਸ ਵਿੱਚ ਉਸਨੇ ਇਹੀ ਲਿਖਿਆ ਸੀ , ÷ਸਿਮਰ..... ਮੈਂ ਤੈਨੂੰ ਇਸ ਘਰ ਵਿੱਚ..... ਬਹੁਤ ਰੀਝਾਂ ਨਾਲ ਲੈ ਕੇ ਆਇਆ ਸੀ......ਮੈਂ ਅਤੇ ਮੇਰੇ ਪਰਿਵਾਰ ਨੇ ਤੈਨੂੰ ਖੁਸ਼ ਰੱਖਣ ਦੀ .......ਤੇ .....ਆਪਣਾ ਬਣਾਉਣ ਦੀ ਬਹੁਤ ਕੋਸ਼ਿਸ਼ ਕੀਤੀ...... ਪਰ ਤੂੰ ਪੰਜ ਸਾਲ ਇਸ ਘਰ ਵਿੱਚ.... ਬਿਗਾਨਿਆਂ ਵਾਂਗ ਹੀ ਰਹੀ..... ਹੁਣ ਅਸੀਂ ਤੇਰੀ ਪਹੁੰਚ ਤੋਂ ਬਹੁਤ ਦੂਰ ਜਾ ਰਹੇ ਹਾਂ.....ਹੁਣ ਆਪਾਂ ਕਦੇ ਨਹੀਂ ਮਿਲਾਂਗੇ.... ਤੂੰ ਆਪਣੀ ਮੰਮੀ ਦੀ ਸਿੱਖਿਆ ਅਨੁਸਾਰ ਅਜ਼ਾਦ ਜ਼ਿੰਦਗੀ ਬਿਤਾ ਸਕਦੀ ਹੈਂ.... ਸਦਾ ਖੁਸ਼ ਰਹਿ ।÷ ਸਿਮਰ ਦੀਆਂ ਅੱਖਾਂ ਅੱਗੇ ਧੁੰਦ ਦਾ ਪਰਦਾ ਜਿਹਾ ਆ ਗਿਆ। ਰਾਹੁਲ ਨਾਲ ਪਿਆਰ ਤੋਂ ਲੈਕੇ ਹੁਣ ਤੱਕ ਦੀ ਜ਼ਿੰਦਗੀ ਦਾ ਇੱਕ ਇੱਕ ਪਲ ਫ਼ ?ਲਮ ਦੀ ਰੀਲ ਵਾਂਗ ਘੁੰਮ ਰਿਹਾ ਸੀ ।ਉਸ ਨੂੰ ਸਾਰਿਆਂ ਦੀ ਨਿਮਰਤਾ ਅਤੇ ਪਿਆਰ ਯਾਦ ਆ ਰਿਹਾ ਸੀ ।ਉਸ ਨੇ ਕੰਬਦੇ ਹੱਥਾਂ ਨਾਲ ਫੋਨ ਕੱਢਿਆ ਰਾਹੁਲ ਅਤੇ ਪਰਿਵਾਰ ਤੋਂ ਮਾਫ਼ੀ ਮੰਗਣ ਲਈ ਫੋਨ ਲਾਇਆ ਪਰ ਬਹੁਤ ਦੇਰ ਹੋ ਚੁੱਕੀ ਸੀ, ਸਾਰਿਆਂ ਦੇ ਫ਼ੋਨ ਨੰਬਰ ਬਦਲ ਜਾਣ ਕਾਰਨ ਇੱਥੋਂ ਦੇ ਫ਼ੋਨ ਨੰਬਰ ਬੰਦ ਆ ਰਹੇ ਸਨ। ਉਹਨਾਂ ਨੂੰ ਆਪਣਾ ਦੇਸ਼ ਛੱਡ ਕੇ ਗਿਆਂ ਨੂੰ ਹਫ਼ਤਾ ਹੋ ਗਿਆ ਸੀ। ਆਪਣੀ ਮਾਂ ਨੂੰ ਫ਼ੋਨ ਲਾਉਣ ਦੀ ਉਸ ਦੀ ਹਿੰਮਤ ਨਹੀਂ ਹੋ ਰਹੀ ਸੀ। ਉਹ ਬਿਨਾਂ ਮੰਜ਼ਿਲ ਵੱਲ ਪੈਰ ਵਧਾਏ ਇਹ ਸੋਚਦੀ ਤੁਰੀ ਜਾ ਰਹੀ ਸੀ ਕਿ ਜੇਕਰ ਉਸ ਦੀ ਮਾਂ ਦੀ ਦਖਲਅੰਦਾਜ਼ੀ ਨਾ ਹੁੰਦੀ ਤਾਂ ਅੱਜ ਉਸ ਦਾ ਸਵਰਗ ਵਰਗਾ ਘਰ ਨਾ ਟੁੱਟਦਾ।

# ਕੈਂਸਰ ਮਰੀਜ਼ਾਂ ਦੀ ਅਸਲ ਗਿਣਤੀ ਸਾਹਮਣੇ ਆਵੇ



ਅਕਸਰ ਖਬਰਾਂ ਵਿੱਚ ਕੈਂਸਰ ਮਰੀਜ਼ਾਂ ਦੇ ਵਧ ਰਹੇ ਅੰਕੜਿਆਂ ਦਾ ਜ਼ਿਕਰ ਕੀਤਾ ਜਾਂਦਾ ਹੈ। ਕੈਂਸਰ ਦਾ ਇਲਾਜ ਆਮ ਆਦਮੀ ਦੇ ਕਰਾਉਣ ਲਈ ਵਸ ਦੀ ਗੱਲ ਨਹੀਂ ਭਾਵੇਂ ਪੰਜਾਬ ਸਰਕਾਰ ਵੱਲੋਂ ਦਸ ਲੱਖ ਫਰੀ ਇਲਾਜ ਦੀ ਸਹੂਲਤ ਸ਼ੁਰੂ ਕੀਤੀ ਹੈ, ਇਹ ਮੁਫ਼ਤ ਇਲਾਜ ਪੀ ਜੀ ਆਈ ਚੰਡੀਗੜ੍ਹ ਲਈ ਵੀ ਹੋਵੇ ਕਿਉਂਕਿ ਗੰਭੀਰ ਬਿਮਾਰੀ ਲਈ ਮਰੀਜ਼ਾਂ ਨੂੰ ਉਥੇ ਜਾਣਾ ਪੈਂਦਾ ਹੈ। ਸਰਕਾਰ ਵੱਲੋਂ ਕੈਂਸਰ ਦੇ ਇਲਾਜ ਲਈ ਆਉਂਦੀਆਂ ਔਕੜਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਮਰੀਜ ਲਈ ਸਪੈਸ਼ਲ ਸਹੂਲਤਾਂ ਦੇਣ ਲਈ ਸੋਚਣਾ ਚਾਹੀਦਾ ਹੈ। ਮਰੀਜ਼ ਅਤੇ ਨਾਲ ਜਾਣ ਵਾਲੇ ਮੈਂਬਰ ਦਾ ਰੇਲ , ਬਸ ਦਾ ਕਿਰਾਇਆ ਮੁਆਫ਼ ਕਰਨਾ ਚਾਹੀਦਾ ਹੈ।

ਨਿਊਜਾਰਕ ਪ੍ਰੀਤਨਾਮਾ
ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ ਖਰਾ ਸੱਚ
ਮੇਜਰ ਸਿੰਘ
ਨਾਭਾ

ਦਵਾਈਆਂ ਦੇ ਰੇਟਾਂ ਉਪਰ ਕੰਟਰੋਲ ਹੋਣ ਦੇ ਨਾਲ ਸਬਸਿਡੀ ਵੀ ਦਿੱਤੀ ਜਾਣੀ ਚਾਹੀਦੀ ਹੈ। ਮੈਂ ਖੁਦ ਇਸ ਬਿਮਾਰੀ ਦਾ ਇਲਾਜ ਪੀ ਜੀ ਆਈ ਚੰਡੀਗੜ੍ਹ ਤੋਂ ਕਰਵਾ ਰਿਹਾ ਹਾਂ। ਮੈਨੂੰ ਪਤਾ ਹੈ ਕਿ ਇਹ ਇਲਾਜ ਕਰਵਾਉਣਾ ਹਰੇਕ ਮਰੀਜ਼ ਦੇ ਵਸ ਦੀ ਗੱਲ ਨਹੀਂ ਹੈ ਪੀ ਜੀ ਆਈ ਚੰਡੀਗੜ੍ਹ ਕੀਮੋਥੈਰੇਪੀ ਦੀ ਦਵਾਈ ਪਿਛਲੇ ਸਾਲ ਤੋਂ ਨਹੀਂ ਆ ਰਹੀ ਜੋ ਕਿ ਮੈਨੂੰ ਜਰਮਨੀ ਤੋਂ ਬਾਈ ਗੁਣਾਂ ਜ਼ਿਆਦਾ ਰੇਟ ਉਪਰ ਮੰਗਵਾਉਣੀ ਪੈ ਰਹੀ ਹੈ । ਇਸੇ ਤਰ੍ਹਾਂ ਟੈਸਟ ਦੀ ਦਵਾਈ ਉਪਲਬਧ ਨਾ ਹੋਣ ਕਾਰਨ ਕਈ ਗੁਣਾਂ ਵੱਧ ਰੇਟ ਤੇ ਬਾਹਰੋਂ ਕਰਵਾਉਣੇ ਪੈਂਦੇ ਹਨ। ਕੇਂਦਰ ਸਰਕਾਰ ਉਂਝ ਵਿਕਾਸ ਕਾਰਜਾਂ ਦੀਆਂ ਬਥੇਰੀਆਂ ਟਾਹਰਾਂ ਮਾਰਦੀ ਹੈ ਪਰ ਸਿਹਤ ਸੇਵਾਵਾਂ ਪਹਿਲਾਂ ਨਾਲੋਂ ਨਿਘਾਰ ਵੱਲ ਜਾਂਦੀਆਂ ਲਗਦੀਆਂ ਹਨ। ਨਾਭਾ ਸ਼ਹਿਰ ਅਤੇ ਆਲੇ ਦੁਆਲੇ ਪਿੰਡਾਂ ਵਿੱਚ ਮੇਰੇ ਕਈ ਦੋਸਤ ਅਤੇ ਜਾਣਕਾਰ ਕੈਂਸਰ ਦੇ ਮਰੀਜ਼ ਹਨ ।ਸ਼ਾਇਦ ਸਿਹਤ ਵਿਭਾਗ ਪੰਜਾਬ ਕੋਲ ਕੋਈ ਠੋਸ ਗਿਣਤੀ ਨਹੀਂ ਹੋਣੀ ਕਿਉਂ ਕਿ ਮਰੀਜ਼ਾਂ ਦੀ ਪੁਸ਼ਟੀ ਲਈ ਡੋਰ ਟੂ ਡੋਰ ਕਦੇ ਕੋਈ ਸਰਵੇ ਨਹੀਂ ਹੋਇਆ ਜਿਸ ਨਾਲ ਅਸਲ ਗਿਣਤੀ ਸਾਹਮਣੇ ਆ ਸਕੇ। ਮੈਂ ਕ ?ਰੀਬ ਪੰਜ ਸਾਲਾਂ ਤੋਂ ਉੱਪਰ ਇਸ ਬਿਮਾਰੀ ਦਾ ਇਲਾਜ ਕਰਵਾ ਰਿਹਾ ਹਾਂ ਮੇਰੇ ਨਾਲ ਸਿਹਤ ਵਿਭਾਗ ਦਾ ਕੋਈ ਸਰਵੇ ਦੇ ਸਬੰਧ ਵਿੱਚ ਜਾਂ ਇਲਾਜ ਸਬੰਧੀ ਕੋਈ ਤਾਲ ਮੇਲ ਨਹੀਂ ਹੋਇਆ। ਬਹੁਤ ਸਾਰੇ ਮਰੀਜ਼ਾਂ ਦਾ ਇਲਾਜ ਦੇਸ਼ੀ ਦਵਾਈਆਂ ਜਾਂ ਇਧਰੋਂ ਉਧਰੋਂ ਹੋ ਰਿਹਾ ਹੈ , ਜਿਨ੍ਹਾਂ ਦੀ ਰਿਪੋਰਟ ਸਰਕਾਰ ਕੋਲ ਨਹੀਂ ਹੁੰਦੀ। ਸਰਕਾਰ ਕਿਸ ਸ੍ਰੋਤ ਤੋਂ ਅੰਕੜਿਆਂ ਨੂੰ ਲੈਂਦੀ ਹੈ, ਇਹ ਅਨੁਮਾਨਤ ਹੀ ਹੋ ਸਕਦੇ ਹਨ। ਮਾਰਕੀਟ ਵਿੱਚ ਦਵਾਈਆਂ ਦੇ ਪਿ ?ਟ ਰੇਟਾਂ ਅਤੇ ਅਸਲ ਰੇਟਾਂ ਵਿੱਚ ਚਾਰ ਪੰਜ ਗੁਣਾ ਦਾ ਫ਼ਰਕ ਮਰੀਜ਼ਾਂ ਲਈ ਦੁਬਿਧਾ ਪੈਦਾ ਕਰਦਾ ਹੈ, ਇਸ ਪਾਸੇ ਧਿਆਨ ਦੇਣ ਦੀ ਲੋੜ ਹੈ। ਮਾਲਵਾ ਖੇਤਰ ਵਿਚ ਵਧੇਰੇ ਮਰੀਜ਼ਾਂ ਦਾ ਲਗਾਤਾਰ ਵਧਣਾ ਚਿੰਤਾ ਦਾ ਵਿਸ਼ਾ ਹੈ। ਇਸ ਦਾ ਕਾਰਨ ਕੋਈ ਇੱਕ ਨਹੀਂ ਸਗੋਂ ਅਨੇਕਾਂ ਹੋਣ ਕਰਕੇ ਵੱਡੇ ਪੱਧਰ ਤੇ ਸਰਕਾਰ ਨੂੰ ਇਸ ਪਾਸੇ ਵੱਲ ਵੀ ਧਿਆਨ ਦੇਣ ਦੀ ਲੋੜ ਹੈ ਤਾਂ ਕਿ ਪੰਜਾਬ ਦੇ ਭਵਿੱਖ ਦੀ ਸਿਹਤਯਾਬੀ ਨੂੰ ਸੁਰੱਖਿਅਤ ਰੱਖਿਆ ਜਾ ਸਕੇ।



# ਸਾਹਿਤ ਅਕੈਡਮੀ ਬਨਾਮ ਉਡੀਕ ਘਰ

## (ਹਰਿਆਣੇ ਦੇ ਪੰਜਾਬੀ ਲੇਖਕਾਂ ਦੀ ਦਾਸਤਾਨ )

## ਆਮ ਹੀ ਕਹਾਵਤ ਹੈ ਕਿ 'ਰੱਬ ਦੇ ਘਰ ਦੇਰ ਹੈ ਹਨੇਰ ਨਹੀਂ'

ਪਰ ! ਬਦਕਿਸਮਤੀ ਇਹ ਹੈ ਕਿ ਹਰਿਆਣੇ ਦੇ ਪੰਜਾਬੀ ਲੇਖਕਾਂ ਦੇ ਸੰਦਰਭ ਵਿੱਚ ਇਹ ਕਹਾਵਤ ਸਾਰਥਕ ਹੁੰਦੀ ਨਹੀਂ ਜਾਪਦੀ। ਹਰਿਆਣੇ ਵਰਗੇ ਹਿੰਦੀ ਸੂਬੇ ਵਿੱਚ ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਦੀ ਪ੍ਰਫੁੱਲਤਾ ਲਈ ਕਿਸੇ ਵੇਲੇ "ਹਰਿਆਣਾ ਪੰਜਾਬੀ ਸਾਹਿਤ ਅਕੈਡਮੀ" ਦੀ ਸਿਰਜਣਾ ਕੀਤੀ ਗਈ ਸੀ। ਇਸ ਅਕੈਡਮੀ ਲਈ ਹਰਿਆਣਾ ਸਰਕਾਰ ਵੱਲੋਂ ਬਕਾਇਦਾ ਫੰਡ (ਪੈਸਾ) ਜਾਰੀ ਕੀਤਾ ਜਾਂਦਾ ਸੀ। ਸਟਾਫ਼ ਦੀ ਭਰਤੀ ਕੀਤੀ ਗਈ ਸੀ ਅਤੇ ਡਿਪਟੀ ਡਾਇਰੈਕਟਰ ਅਤੇ ਚੇਅਰਮੈਨ ਨਿਯੁਕਤ ਕੀਤਾ ਜਾਂਦਾ ਸੀ। ਇਸ ਤੋਂ ਇਲਾਵਾ ਪੰਜਾਬੀ ਮਾਸਿਕ ਸਾਹਿਤਕ ਰਸਾਲਾ "ਸ਼ਬਦ ਬੂੰਦ" ਵੀ ਪ੍ਰਕਾਸ਼ਤ ਕੀਤਾ ਜਾਂਦਾ ਸੀ। ਜਿਸ ਵਿੱਚ ਹਰਿਆਣੇ ਦੇ ਪੰਜਾਬੀ ਲੇਖਕਾਂ ਅਤੇ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਵਿੱਚ ਪੜ੍ਹਦੇ ਵਿਦਿਆਰਥੀਆਂ ਤੇ ਖੋਜਾਰਥੀਆਂ ਦੇ ਲੇਖ ਪ੍ਰਕਾਸ਼ਤ ਹੁੰਦੇ ਸਨ।

ਹਰਿਆਣੇ ਦੇ ਪੰਜਾਬੀ ਲੇਖਕਾਂ ਨੂੰ ਹਰ ਸਾਲ ਇਨਾਮਾਂ ਦਾ ਐਲਾਨ ਵੀ ਕੀਤਾ ਜਾਂਦਾ ਸੀ। ਇਸ ਲਈ ਲੇਖਕਾਂ ਤੋਂ ਉਨ੍ਹਾਂ ਦੀਆਂ ਪ੍ਰਕਾਸ਼ਤ ਹੋਈਆਂ ਪੰਜਾਬੀ ਪੁਸਤਕਾਂ ਦੀ ਮੰਗ ਕੀਤੀ ਜਾਂਦੀ ਸੀ। ਫੇਰ ਇਨ੍ਹਾਂ ਪੁਸਤਕਾਂ ਦੇ ਆਧਾਰ 'ਤੇ ਹਰਿਆਣੇ ਦੇ ਪੰਜਾਬੀ ਲੇਖਕਾਂ ਨੂੰ ਇਨਾਮਾਂ ਦਾ ਐਲਾਨ ਕੀਤਾ ਜਾਂਦਾ ਸੀ। ਹਰਿਆਣੇ ਦੇ ਪੰਜਾਬੀ ਸਾਹਿਤ ਵਿੱਚ ਨਿਰੰਤਰ ਕੰਮ ਕਰਨ ਵਾਲੇ ਲੇਖਕਾਂ ਨੂੰ ਵੱਡੇ ਅਵਾਰਡ ਵੀ ਦਿੱਤੇ ਜਾਂਦੇ ਸਨ। ਪਰ ! ਹੁਣ ਇਹ ਸਭ ਬੀਤੇ ਵੇਲੇ ਦੀਆਂ ਬਾਤਾਂ ਹੋ ਗਈਆਂ ਹਨ। ਹਰਿਆਣਾ ਪੰਜਾਬੀ ਸਾਹਿਤ ਅਕੈਡਮੀ ਨੂੰ 'ਹਰਿਆਣਾ ਸਾਹਿਤ ਅਤੇ ਸੰਸਕ੍ਰਿਤੀ ਅਕੈਡਮੀ' ਵਿੱਚ ਮਰਜ਼ ਕਰ ਦਿੱਤਾ ਗਿਆ ਹੈ। ਹੁਣ ਹਰਿਆਣਾ ਸਾਹਿਤ ਅਤੇ ਸੰਸਕ੍ਰਿਤੀ ਅਕੈਡਮੀ ਦੇ ਅੰਦਰ ਪੰਜਾਬੀ, ਹਿੰਦੀ, ਸੰਸਕ੍ਰਿਤ ਅਤੇ ਉਰਦੂ ਭਾਸ਼ਾਵਾਂ ਦੇ (ਵੱਖ- ਵੱਖ ਵਿਭਾਗ) ਬਣਾ ਦਿੱਤੇ ਗਏ ਹਨ। ਹਰਿਆਣਾ ਪੰਜਾਬੀ ਸਾਹਿਤ ਅਕੈਡਮੀ ਦਾ ਸਟਾਫ਼ ਵੀ ਇਨ੍ਹਾਂ ਵਿਭਾਗਾਂ ਵਿੱਚ ਵੰਡ ਦਿੱਤਾ ਗਿਆ ਹੈ। ਪੰਜਾਬੀ ਵਿਭਾਗ ਲਈ ਖ਼ੌਰੇ ! ਦੋ ਸਟਾਫ਼ ਮੈਂਬਰ ਹੀ ਰਹਿ ਗਏ ਹਨ।

ਹਰ ਮਹੀਨੇ ਪ੍ਰਕਾਸ਼ਤ ਹੋਣ ਵਾਲਾ ਪੰਜਾਬੀ ਸਾਹਿਤਕ ਰਸਾਲਾ 'ਸ਼ਬਦ ਬੂੰਦ' ਹੁਣ ਤਿਮਾਹੀ (ਤਿੰਨ ਮਹੀਨਿਆਂ) ਬਾਅਦ ਪ੍ਰਕਾਸ਼ਤ ਕੀਤਾ ਜਾ ਲੱਗਾ ਹੈ। ਉਹ ਵੀ ਸਮੇਂ ਸਿਰ ਪਾਠਕਾਂ ਤੀਕ ਨਹੀਂ ਪਹੁੰਚ ਪਾਉਂਦਾ। ਇਸ ਲਈ ਪਾਠਕਾਂ ਦੀ ਗਿਣਤੀ ਲਗਾਤਾਰ ਘੱਟ ਰਹੀ ਹੈ ਕਿਉਂਕਿ ਤਿੰਨ ਮਹੀਨੇ ਬਾਅਦ ਵੀ ਜਦੋਂ ਪੰਜਾਬੀ ਰਸਾਲਾ ਨਹੀਂ ਮਿਲਦਾ ਤਾਂ ਪਾਠਕਾਂ ਦਾ ਰੁਝਾਨ ਘੱਟ ਹੀ ਜਾਂਦਾ ਹੈ। ਖ਼ੈਰ,

ਹਰਿਆਣਾ ਸਰਕਾਰ ਨੇ ਜੁਲਾਈ- 2024 ਵਿੱਚ ਹਰਿਆਣੇ ਦੇ ਪੰਜਾਬੀ ਲੇਖਕਾਂ ਨੂੰ ਇਨਾਮਾਂ ਦਾ ਐਲਾਨ ਕੀਤਾ ਸੀ। ਕਾਬਿਲੇਗ਼ੌਰ ਹੈ ਕਿ ਇਹ ਇਨਾਮ ਸਾਲ- 2017 ਤੋਂ ਲੈ ਕੇ ਸਾਲ- 2022 ਤਕ ਦੇ ਐਲਾਨ ਕੀਤੇ ਗਏ ਸਨ। ਭਾਵ ਸੱਤ ਸਾਲ ਦੇ ਲੰਮੇ ਇੰਤਜ਼ਾਰ ਦੇ ਬਾਅਦ ਇਹ ਇਨਾਮ ਐਲਾਨੇ ਗਏ ਸਨ। ਪਰ ! ਬਦਕਿਸਮਤੀ ਇਹ ਹੈ ਕਿ ਇਨ੍ਹਾਂ ਇਨਾਮਾਂ ਦੇ ਐਲਾਨ ਨੂੰ ਵੀ ਹੁਣ ਡੇਢ ਸਾਲ ਤੋਂ ਵੱਧ ਦਾ ਸਮਾਂ ਹੋ ਗਿਆ ਹੈ ਹੁਣ (ਜਨਵਰੀ- 2026) ਵਿੱਚ ਇਹ ਲੇਖ ਲਿਖੇ ਜਾਣ ਤਕ (ਸਾਲ- 2017) ਵਾਲੇ ਇਨਾਮ ਪੰਜਾਬੀ ਲੇਖਕਾਂ ਨੂੰ ਨਹੀਂ ਦਿੱਤੇ ਗਏ। ਹਾਲਾਂਕਿ ਇਨ੍ਹਾਂ ਇਨਾਮਾਂ ਦੀ ਰਾਸ਼ੀ (ਪੈਸਾ) ਮਾਰਚ- 2025 ਵਿੱਚ ਪੰਜਾਬੀ ਲੇਖਕਾਂ ਦੇ ਬੈਂਕ ਖ਼ਾਤਿਆਂ ਵਿੱਚ ਪਾ ਦਿੱਤਾ ਗਿਆ ਸੀ। ਪਰ ! ਇਨਾਮ ਨਹੀਂ ਵੰਡੇ ਗਏ। ਇੱਥੇ ਖ਼ਾਸ ਗੱਲ ਇਹ ਵੀ ਹੈ ਕਿ ਜਿਨ੍ਹਾਂ ਲੇਖਕਾਂ ਨੂੰ ਸਾਹਿਤ ਅਕੈਡਮੀ ਵੱਲੋਂ ਇਨਾਮ ਮਿਲ ਜਾਂਦਾ ਹੈ ਉਨ੍ਹਾਂ ਨੂੰ ਹਰਿਆਣਾ ਰੋਡਵੇਜ਼ ਦੀਆਂ ਸਰਕਾਰੀ ਬੱਸਾਂ ਵਿੱਚ ਮੁਫ਼ਤ ਯਾਤਰਾ ਲਈ ਬੱਸ ਪਾਸ ਮਿਲ ਜਾਂਦਾ ਹੈ। ਪਰ ! ਇਨ੍ਹਾਂ ਇਨਾਮਾਂ ਦੇ ਨਾ ਮਿਲਣ ਕਰਕੇ ਪੰਜਾਬੀ ਲੇਖਕਾਂ ਨੂੰ ਇਹ ਸਹੂਲਤ ਵੀ ਪ੍ਰਦਾਨ ਨਹੀਂ ਕੀਤੀ ਗਈ। ਹੁਣ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਜਿਹੜੇ ਲੇਖਕ ਨੂੰ ਸਾਲ- 2017 ਦਾ ਇਨਾਮ ਐਲਾਨ ਹੋਇਆ ਹੈ, ਉਸਨੂੰ ਸਾਲ- 2026 ਤਕ ਨਾ ਤਾਂ ਇਨਾਮ ਮਿਲਿਆ ਹੈ ਅਤੇ ਨਾ ਹੀ ਮੁਫ਼ਤ ਬੱਸ ਪਾਸ ਦੀ ਸਹੂਲਤ। ਇਸ ਤੋਂ ਸਹਿਜੇ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਹਰਿਆਣੇ ਅੰਦਰ ਪੰਜਾਬੀ ਜ਼ੁਬਾਨ ਪ੍ਰਤੀ ਵਕਤ ਦੀਆਂ ਸਰਕਾਰਾਂ ਅਤੇ ਅਹੁਦੇਦਾਰ ਕਿੰਨੇ ਕੁ ਸੰਜੀਦਾ ਹਨ ?

ਇੱਥੇ ਖ਼ਾਸ ਅਤੇ ਨਾਮੋਸ਼ੀ ਭਰੀ ਗੱਲ ਇਹ ਹੈ ਕਿ ਇਨ੍ਹਾਂ ਇਨਾਮਾਂ ਨੂੰ ਉਡੀਕਦਿਆਂ ਕਈ ਬਜ਼ੁਰਗ ਲੇਖਕ ਤਾਂ ਰੱਬ ਨੂੰ ਪਿਆਰੇ ਵੀ ਹੋ ਗਏ ਹਨ। ਪਰ ! ਸਮੇਂ ਦੀਆਂ ਸਰਕਾਰਾਂ ਅਤੇ ਉੱਚੇ ਅਹੁਦੇ ਤੇ ਬੈਠੇ ਅਹੁਦੇਦਾਰਾਂ ਦੇ ਕੰਨਾਂ ਤੇ ਜੂੰ ਤਕ ਨਹੀਂ ਸਰਕੀ। ਇਸ ਸਥਿਤੀ ਵਿੱਚ ਪੰਜਾਬੀ ਜ਼ੁਬਾਨ ਦਾ ਪ੍ਰਚਾਰ- ਪ੍ਰਸਾਰ ਕਿੰਝ ਹੋ ਸਕਦਾ ਹੈ ? ਇਹ ਵਿਚਾਰਨ ਵਾਲੀ ਗੱਲ ਹੈ।

ਨਿਊਯਾਰਕ
ਪ੍ਰੀਤਨਾਮਾ
ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ ਖਰਾ ਸੱਚ
ਡਾ. ਨਿਸ਼ਾਨ ਸਿੰਘ ਰਾਠੌਰ
ਸੰਪਰਕ - 90414-98009.

ਜਦੋਂ ਵੋਟਾਂ ਨੇੜੇ ਆਉਂਦੀਆਂ ਹਨ ਤਾਂ ਉਦੋਂ ਸਾਰੀਆਂ ਸਿਆਸੀ ਪਾਰਟੀਆਂ ਪੰਜਾਬੀ ਹਿਤੈਸ਼ੀ ਹੋਣ ਦਾ ਡਰਾਮਾ ਸ਼ੁਰੂ ਕਰ ਦਿੰਦੀਆਂ ਹਨ। ਪਰ ! ਵੋਟਾਂ ਤੋਂ ਬਾਅਦ ਪੰਜਾਬੀ ਜ਼ੁਬਾਨ ਦਾ ਮੁੱਦਾ ਫੇਰ ਪੰਜ ਸਾਲਾਂ ਲਈ ਠੰਢੇ ਬਸਤੇ ਵਿੱਚ ਸੁੱਟ ਦਿੱਤਾ ਜਾਂਦਾ ਹੈ। ਪਿਛਲੇ ਦਸ- ਪੰਦਰਾਂ ਸਾਲਾਂ ਤੋਂ ਇੰਝ ਦਾ ਵਰਤਾਰਾ ਹੀ ਦੇਖਣ ਨੂੰ ਮਿਲ ਰਿਹਾ ਹੈ।

ਹਰਿਆਣੇ ਦੇ ਪੰਜਾਬੀ ਲੇਖਕ ਸਮੇਂ- ਸਮੇਂ ਤੇ ਆਵਾਜ਼ ਉਠਾਉਂਦੇ ਰਹਿੰਦੇ ਹਨ। ਪਰ ! ਅਜੇ ਤਕ ਇਹ ਮੁੱਦਾ ਜਿਉਂ ਦਾ ਤਿਉਂ ਬਣਿਆ ਹੋਇਆ ਹੈ। ਇਸ ਬਾਰੇ ਨਾ ਤਾਂ ਸਰਕਾਰ ਦਾ ਕੋਈ ਨੁਮਾਇੰਦਾ ਖੁੱਲ੍ਹਕੇ ਬੋਲਦਾ ਹੈ ਅਤੇ ਨਾ ਹੀ ਸਾਹਿਤ ਅਕੈਡਮੀ ਦਾ। ਲੇਖਕਾਂ ਵਿੱਚ ਸਮਾਂ ਬਤੀਤ ਹੋਣ ਦੇ ਨਾਲ- ਨਾਲ ਬੇਚੈਨੀ ਅਤੇ ਨਮੋਸ਼ੀ ਦਾ ਆਲਮ ਵੱਧਦਾ ਜਾ ਰਿਹਾ ਹੈ। ਉਹ (ਲੇਖਕ) ਇਨਾਮਾਂ ਦੇ ਐਲਾਨ ਤੋਂ ਲੈ ਕੇ ਹੁਣ ਤਕ ਸਬਰ ਦਾ ਘੁੱਟ ਭਰ ਕੇ ਬੈਠੇ ਰਹੇ ਹਨ। ਪਰ ! ਹੁਣ ਡੇਢ ਸਾਲ ਦਾ ਲੰਮਾ ਸਮਾਂ ਵੀ ਬਤੀਤ ਹੋ ਗਿਆ ਹੈ ਪਰ ! ਸਰਕਾਰ ਇਨਾਮ ਵੰਡਣ ਲਈ ਸਮਾਂ ਹੀ ਨਹੀਂ ਦੇ ਪਾ ਰਹੀ ਅਤੇ ਸਾਹਿਤ ਅਕੈਡਮੀ ਕੋਈ ਸਮਾਂ ਸੀਮਾ ਨਿਰਧਾਰਤ ਨਹੀਂ ਕਰ ਰਹੀ ਕਿ ਇਸ ਸਮੇਂ ਦੇ ਅੰਦਰ ਇਨਾਮ ਵੰਡ ਦਿੱਤੇ ਜਾਣਗੇ ਤਾਂ ਕਿ ਲੇਖਕਾਂ ਨੂੰ ਕੁਝ ਤਸੱਲੀ ਅਤੇ ਹੌਸਲਾ ਹੋ ਸਕੇ।

ਹਰਿਆਣੇ ਦੇ ਪੰਜਾਬੀ ਲੇਖਕ ਅਜੇ ਵੀ ਇਸ ਉਮੀਦ ਵਿੱਚ ਸਾਹਿਤ ਸਿਰਜਣਾ ਦੇ ਖ਼ੇਤਰ ਵਿੱਚ ਤਨਦੇਹੀ ਨਾਲ ਕਾਰਜ ਕਰ ਰਹੇ ਹਨ ਕਿ ਕਦੇ ਤਾਂ ਉਨ੍ਹਾਂ ਦੀ ਮਿਹਨਤ ਦਾ ਮੁੱਲ ਸਰਕਾਰਾਂ ਪਾਉਣਗੀਆਂ। ਪਰ ਕਦੋਂ ? ਇਹ ਅਜੇ ਭਵਿੱਖ ਦੀ ਕੁੱਖ਼ ਵਿੱਚ ਹੈ।

ਜਿਉਂਦੇ- ਵੱਸਦੇ ਰਹੋ ਸਾਰੇ।

## ਪਾਣੀ ਤੋਂ ਬਗੈਰ / ਮਿੰਨੀ ਕਹਾਣੀ



ਅੱਜ ਮਈ ਮਹੀਨੇ ਦੀ ਤੀਹ ਤਰੀਕ ਹੈ। ਸੂਰਜ ਦੀ ਤਿੱਖੀ ਧੁੱਪ ਪੈਣੀ ਸ਼ੁਰੂ ਹੋ ਗਈ ਹੈ। ਵੱਖ, ਵੱਖ ਪਿੰਡਾਂ ਤੋਂ ਵਿਦਿਆਰਥੀ ਆਪਣੇ ਸਾਈਕਲਾਂ ਤੇ ਸਕੂਲ ਪਹੁੰਚ ਰਹੇ ਹਨ। ਉਹ ਆਪਣੇ ਸਾਈਕਲ, ਸਾਈਕਲ ਸ਼ੈੱਡ ਵਿੱਚ ਖੜ੍ਹੇ ਕਰਕੇ ਆਪਣੇ ਬੈਗ ਲੈ ਕੇ ਆਪਣੇ, ਆਪਣੇ ਕਲਾਸ ਰੂਮਾਂ ਵੱਲ ਜਾ ਰਹੇ ਹਨ। ਪੰਜ ਮਿੰਟਾਂ ਬਾਅਦ ਸਕੂਲ ਲੱਗਣ ਦੀ ਘੰਟੀ ਵੱਜ ਗਈ। ਉਹ ਸਕੂਲ ਕੰਪਲੈਕਸ ਵਿੱਚ ਸਵੇਰ ਦੀ ਸਭਾ ਲਈ ਲਾਈਨਾਂ ਬਣਾ ਕੇ ਖੜ੍ਹ ਗਏ। ਪ੍ਰਾਰਥਨਾ ਖਤਮ ਹੋਣ ਪਿੱਛੋਂ ਸਕੂਲ ਦੇ ਡੀ. ਪੀ. ਈ. ਨੇ ਉਨ੍ਹਾਂ ਨੂੰ ਪੰਦਰਾਂ ਮਿੰਟਾਂ ਲਈ ਪੀ. ਟੀ. ਕਰਾਈ। ਸਾਰੇ ਵਿਦਿਆਰਥੀ ਪਸੀਨੋ-ਪਸੀਨੀ ਹੋ ਗਏ। ਸਕੂਲ ਦੇ ਮੁੱਖ ਅਧਿਆਪਕ ਦੇ ਮਨ ਵਿੱਚ ਪਤਾ ਨਹੀਂ ਕੀ ਆਇਆ, ਉਹ ਉਨ੍ਹਾਂ ਨੂੰ ਮੁਖਾਤਿਬ ਹੋ ਕੇ ਆਖਣ ਲੱਗਾ, ÷ਪਿਆਰੇ ਬੱਚਿਓ, ਭਾਵੇਂ ਅੱਜ ਕੱਲ੍ਹ ਗਰਮੀ ਬਹੁਤ ਪੈ ਰਹੀ ਆ, ਤੁਹਾਨੂੰ ਪਿਆਸ ਵੀ ਬਹੁਤ ਲੱਗਦੀ ਆ, ਪਰ ਤੁਸੀਂ ਘਰੋਂ ਸਵੇਰ ਦੀ ਰੋਟੀ ਖਾ ਕੇ ਤੇ ਪਾਣੀ ਪੀ ਕੇ ਆਉਂਦੇ ਹੋ। ਮੈਂ ਹਰ ਰੋਜ਼ ਵੇਖਦਾਂ ਸਕੂਲ ਲੱਗਦਾ ਮਗਰੋਂ ਆਂ, ਤੁਸੀਂ ਲਾਈਨਾਂ ਬੰਨ੍ਹ ਕੇ ਪਾਣੀ ਦੀ ਟੈਂਕੀ ਤੋਂ ਪਾਣੀ ਪੀਣ ਪਹਿਲਾਂ ਤੁਰੇ ਹੁੰਦੇ ਹੋ। ਕੀ ਤੁਸੀਂ ਅੱਧੀ ਛੁੱਟੀ ਹੋਣ ਤੱਕ ਪਾਣੀ ਤੋਂ ਬਗੈਰ ਨ੍ਹੀ ਰਹਿ ਸਕਦੇ ? ਮੈਂ ਹਰ ਰੋਜ਼ ਵੇਖਦਾਂ, ਕੁਝ ਬੱਚੇ ਟੈਂਕੀ ਤੇ ਆ ਕੇ ਪੈਰ ਹੀ ਧੋਂਦੇ ਰਹਿੰਦੇ ਆ। ਬੱਚਿਓ, ਇਹ ਬੜੀ ਮਾੜੀ ਆਦਤ ਆ।÷

ਮੁੱਖ ਅਧਿਆਪਕ ਹਾਲੇ ਮੁਸ਼ਕਿਲ ਨਾਲ ਪੰਜ ਮਿੰਟ ਹੀ ਬੋਲਿਆ ਸੀ ਕਿ ਉਹ ਧੁੱਪ ਵਿੱਚ ਖੜ੍ਹਾ ਪਸੀਨੋ-ਪਸੀਨੀ ਹੋ ਗਿਆ ਤੇ ਆਪਣਾ ਭਾਸ਼ਨ ਛੇਤੀ ਨਾਲ ਖਤਮ ਕਰਦਾ ਹੋਇਆ ਸਕੂਲ ਦੇ ਪੀਅਨ ਨੂੰ ਆਖਣ ਲੱਗਾ, ÷ਅੱਜ ਤਾਂ ਗਰਮੀ ਬਹੁਤ ਆ। ਪਿੰਡਾਂ 'ਚ ਤਾਂ ਬਿਜਲੀ ਦਾ ਹਾਲ ਵੀ ਮਾੜਾ ਆ। ਬੱਸ ਸਾਰਾ ਦਿਨ ਪਸੀਨਾ ਆਂਦਾ ਰਹਿੰਦਾ ਆ। ਪਾਣੀ ਦਾ ਠੰਢਾ ਜਿਹਾ ਗਲਾਸ ਲਿਆ, ਜ਼ਰਾ ਦਿਲ ਨੂੰ ਚੈਨ ਜਹੀ ਆ ਜਾਵੇ।÷

ਮੁੱਖ ਅਧਿਆਪਕ ਦੀਆਂ ਇਹ ਗੱਲਾਂ ਸੁਣ ਕੇ ਕੁਝ ਵਿਦਿਆਰਥੀ ਹੌਲੀ, ਹੌਲੀ ਹੱਸਣ ਲੱਗ ਪਏ, ਜਿਨ੍ਹਾਂ ਦੀ ਹਾਜ਼ਰੀ ਕਲਾਸ ਇਨਚਾਰਜ, ਸਕੂਲ ਕੰਪਲੈਕਸ ਵਿੱਚ ਲਗਾ ਰਹੇ ਸਨ।

ਨਿਊਯਾਰਕ
ਪ੍ਰੀਤਨਾਮਾ
ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ ਖਰਾ ਸੱਚ
ਮਹਿੰਦਰ ਸਿੰਘ ਮਾਨ
ਫੋਨ 9915803554

# ਹੌਸਲਾ ਅਫ਼ਜ਼ਾਈ



ਹੌਸਲਾ ਦੇਣ ਵਾਲੇ ਬਣੋ ਕਿਉਂਕਿ ਦੁਨੀਆਂ ਤੇ ਆਲੋਚਕ ਪਹਿਲਾਂ ਹੀ ਬਹੁਤ ਨੇ, ਸੱਚ ਮੁੱਚ ਕਿੰਨਾ ਚੰਗਾ ਹੋਵੇ ਜੇਕਰ ਅਸੀਂ ਇੱਕ ਦੂਜੇ ਦਾ ਹੌਸਲਾ ਬਣੀਏ ਤੇ ਡਿੱਗਦੇ ਨੂੰ ਬਾਹ ਫੜ ਉੱਪਰ ਨੂੰ ਚੁੱਕੀਏ, ਦੁਨੀਆਂ ਤੇ ਬਹੁਤ ਸਾਰੇ ਲੋਕ ਅਜਿਹੇ ਹੋਣਗੇ ਜਿਨਾਂ ਨੂੰ ਸਿਰਫ ਹੌਸਲਾ ਅਫ਼ਜ਼ਾਈ ਨਾਲ ? ਕਾਬਿਲ ਬਣਾਇਆ ਜਾ ਸਕਦਾ, ਸਾਡੇ ਦੋ ਸ਼ਬਦ ਤੇ ਸਪੋਰਟ ਕਿਸੇ ਨੂੰ ਉਸ ਦੀ ਮੰਜ਼ਿਲ ਦਾ ਰਾਹ ਵਿਖਾ ਸਕਦੇ, ਦੁਨੀਆਂ ਤੇ ਆਲੋਚਕ ਤਾਂ ਬਹੁਤ ਹੋਣਗੇ ਜਿਹੜੇ ਦੂਜਿਆਂ ਦੀਆਂ ਕਮੀਆਂ ਕੱਢਦੇ ਹੋਣਗੇ, ਪਰ ਵਿਰਲੇ ਹੋਣਗੇ ਜਿਹੜੇ ਕਿਸੇ ਨੂੰ ਹੌਸਲਾ ਅਫਜ਼ਾਈ ਵਾਲੇ ਸ਼ਬਦ ਬੋਲਦੇ ਹੋਣਗੇ, ਅਸਲ ਵਿੱਚ ਇੱਕ ਕਾਮਯਾਬ ਇਨਸਾਨ ਉਹੀ ਹੈ ਜੋ ਦੂਜਿਆਂ ਨੂੰ ਵੀ ਕਾਮਯਾਬੀ ਦੇ ਰਾਹਾਂ ਤੇ ਤੋਰਦਾ, ਜੋ ਆਪਣੇ ਸਫਰ ਦੇ ਸੰਘਰਸ਼ ਨੂੰ ਦੂਜਿਆਂ ਨਾਲ ਸਾਂਝਿਆ ਕਰਦਾ ਤੇ ਹੌਸਲਾ ਦਿੰਦਾ ਜਿੰਦਗੀ ਵਿੱਚ ਅੱਗੇ ਵਧਣ ਦਾ, ਜੋ ਆਪਣੇ ਤਜਰਬੇ ਤੋਂ ਸਿਖਾਉਂਦਾ ਕਿ ਕਿੰਜ ਅਸੀਂ ਹੌਸਲੇ ਨਾਲ ਤੇ ਮਿਹਨਤ ਨਾਲ ਇੱਕ ਦਿਨ ਆਪਣਾ ਮੁਕਾਮ ਹਾਸਿਲ ਕਰ ਸਕਦੇ ਹਾਂ ਕਿਉਂਕਿ ਮਿਹਨਤ ਦੇ ਅੱਗੇ ਕੋਈ ਵੀ ਚੀਜ਼ ਅਸੰਭਵ ਨਹੀਂ ਤੇ ਸਾਡਾ ਨਜ਼ਰੀਆ ਜੇਕਰ ਸਕਾਰਤਮਿਕ ਹੋਵੇ ਤਾਂ ਅਸੀਂ ਬਹੁਤ ਜਲਦੀ ਆਪਣੇ ਸਿਰਜੇ ਸੁਪਨੇ ਪੂਰੇ ਕਰ ਸਕਦੇ ਹਾਂ, ਆਪਣੇ ਸਿਰਜੇ ਸੁਪਨਿਆਂ ਵੱਲ ਜਾਂਦੇ ਰਾਹਾਂ ਤੇ ਉਹੀ ਚੱਲਦੇ ਹਨ ਜਿਨਾਂ ਨੂੰ ਆਪਣੀ ਮਿਹਨਤ ਤੇ ਭਰੋਸਾ ਹੁੰਦਾ ਹੈ ਤੇ ਅੱਗੇ ਵਧਣ ਦਾ ਹੌਸਲਾ ਹੁੰਦਾ ਹੈ ।ਤੁਹਾਨੂੰ ਜ਼ਿੰਦਗੀ ਵਿੱਚ ਤੁਹਾਡਾ ਰਾਹ ਭਟਕਾਉਣ ਵਾਲੇ ਵੀ ਮਿਲ ਜਾਣਗੇ ਪਰ ਅਜਿਹੇ ਵੀ ਜਰੂਰ ਮਿਲਣਗੇ ਜਿਹੜੇ ਤੁਹਾਡੇ ਰਾਹਾਂ ਚ ਰੌਸ਼ਨੀ ਬਣ ਤੁਹਾਡੇ ਰਾਹਾਂ ਨੂੰ ਰੁਸ਼ਨਾ ਦੇਣਗੇ।

ਕੋਈ ਵੀ ਕਾਮਯਾਬ ਇਨਸਾਨ ਇੱਕ ਦਮ ਕਾਮਯਾਬ ਨਹੀਂ ਹੋਇਆ ਉਸਨੇ ਬਹੁਤ ਕੁਝ ਅਜਿਹਾ ਵੀ ਵੇਖਿਆ ਹੁੰਦਾ ਜਿੱਥੇ ਉਹ ਅਸਫਲ ਹੋਇਆ ਹੁੰਦਾ ਪਰ ਉਹ ਲਗਾਤਾਰ ਮਿਹਨਤ ਨਹੀਂ ਛੱਡਦਾ ਤੇ ਇੱਕ ਦਿਨ ਉਸ ਨੂੰ ਉਹ ਸਭ ਕੁਝ ਮਿਲ ਜਾਂਦਾ ਜੋ ਇੱਕ ਚੰਗੀ ਜਿੰਦਗੀ ਜਿਉਣ ਲਈ ਕਾਫੀ ਹੁੰਦਾ ਹੈ, ਅਸਲ ਵਿੱਚ ਹੌਸਲਾ ਕੋਈ ਬਾਹਰੀ ਵਸਤੂ ਨਹੀਂ, ਇਹ ਤਾਂ ਤੁਹਾਡੇ ਅੰਦਰੋਂ ਉੱਠਣ ਵਾਲਾ ਜਜਬਾ ਹੈ, ਜੋ ਤੁਹਾਨੂੰ ਉਹ ਸਾਰਾ ਕੰਮ ਕਰਨ ਲਈ ਮਜਬੂਰ ਕਰ ਦਿੰਦਾ ਹੈ ਜਿਸ ਨੂੰ ਤੁਸੀਂ ਹੁਣ ਤੱਕ ਸੋਚਦੇ ਸੀ ਕਿ ਨਹੀਂ ਕਰ ਸਕਦੇ, ਇਹ ਤੁਹਾਡਾ ਆਪਣੇ ਆਪ ਤੇ ਸਵੈ ਵਿਸ਼ਵਾਸ ਹੈ, ਚੰਗੀ ਸੋਚ, ਚੰਗੀ ਨੀਅਤ ਹਮੇਸ਼ਾ ਤੁਹਾਨੂੰ ਕਾਮਯਾਬ ਕਰੇਗੀ, ਬੇਸ਼ੱਕ ਦੇਰ ਲੱਗ ਜਾਵੇ ਪਰ ਤੁਸੀਂ ਕਾਮਯਾਬ ਜਰੂਰ ਹੋਵੋਗੇ, ਇੱਕ ਗੱਲ ਯਾਦ ਰੱਖਣਾ ਕਿ ਚੰਗੀ ਸੋਚ ਤੇ ਚੰਗੀ ਨੀਅਤ ਤੁਹਾਨੂੰ ਕਾਮਯਾਬ ਤਾਂ ਕਰੇਗੀ ਹੀ ਨਾਲ ਨਾਲ ਚੰਗੇ ਇਨਸਾਨ ਵੀ ਬਣਾਏਗੀ, ਹੁਣ ਤੁਸੀਂ ਸਿਰਫ ਖੁਦ ਲਈ ਨਹੀਂ ਦੂਜਿਆਂ ਲਈ ਵੀ ਮਿਸਾਲ ਬਣ ਜਾਓਗੇ ਤੇ ਇਹ ਦੁਨੀਆ ਤੁਹਾਡੇ ਦੁਆਰਾ ਸਿਰਜੇ ਕਾਮਯਾਬੀ ਵੱਲ ਜਾਂਦੇ ਰਾਹਾਂ ਨੂੰ ਚੁਣੇਗੀ।

ਖੁਸ਼ ਰਹੋ ਤੇ ਜਿੰਦਗੀ ਵਿੱਚ ਅੱਗੇ ਵਧਦੇ ਜਾਓ।

ਨਿਊਯਾਰਕ ਪ੍ਰੀਤਨਾਮਾ
ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ ਖਰਾ ਸੱਚ
ਗੁਰਮੀਤ ਕੌਰ ਕਾਹਲੋਂ
ਸੰਗਰੂਰ

# ਸੱਚਾਈ ਦੇ ਰੂਬਰੂ ਹੁੰਦਾ ਕਾਵਿ ਸੰਗ੍ਰਹਿ - ਜ਼ਿੰਦਗੀ ਦੀ ਪੂੰਜੀ

| | | |
|---|---|---|
| ਪੁਸਤਕ ਦਾ ਨਾਂ | - | ਜ਼ਿੰਦਗੀ ਦੀ ਪੂੰਜੀ |
| ਗ਼ਜ਼ਲਕਾਰ | - | ਮਹਿੰਦਰ ਸਿੰਘ ਮਾਨ |
| ਪੰਨੇ | - | 96 ਕੀਮਤ - 150/- ਰੁਪਏ |
| ਪ੍ਰਕਾਸ਼ਕ | - | ਸਾਦਿਕ ਪਬਲੀਕੇਸ਼ਨਜ਼, ਜੋਧਪੁਰ ਪਾਖਰ। |
| ਰਿਵਿਊਕਾਰ | - | ਤੇਜਿੰਦਰ ਚੰਡਿਹੋਕ |




ਮਹਿੰਦਰ ਸਿੰਘ ਮਾਨ ਨੇ ਪਿਛਲੇ ਸਾਲ 2024 ਵਿਚ ਆਪਣੀ ਛੇਵੀਂ ਕਾਵਿ ਪੁਸਤਕ ਜ਼ਿੰਦਗੀ ਦੀ ਪੂੰਜੀ ਪ੍ਰਵੇਸ਼ ਕੀਤਾ ਹੈ। ਉਂਜ ਉਹ ਪਹਿਲਾਂ ਪੰਜ ਕਾਵਿ ਸੰਗ੍ਰਹਿ ਅਤੇ ਇਕ ਗ਼ਜ਼ਲ ਸੰਗ੍ਰਹਿ ਤੋਂ ਇਲਾਵਾ ਇਕ ਮਿੰਨੀ ਕਹਾਣੀ ਸੰਗ੍ਰਹਿ ਪਾਠਕਾਂ ਦੀ ਨਜ਼ਰ ਕਰ ਚੁੱਕਾ ਹੈ। ਹਥਲੇ ਕਾਵਿ ਸੰਗ੍ਰਹਿ ਦਾ ਪਾਠ ਕਰਦਿਆਂ ਧਿਆਨ ਗੋਚਰ ਹੋਇਆ ਕਿ ਇਹ ਪੁਸਤਕ ਉਸ ਨੇ ਸੰਘਰਸ਼ ਕਰ ਰਹੇ ਲੋਕਾਂ ਸਮਰਪਿਤ ਕੀਤਾ ਹੈ ਜਿਸ ਵਿਚ 54 ਕਵਿਤਾਵਾਂ, 49 ਬੋਲੀਆਂ ਅਤੇ 26 ਗ਼ਜ਼ਲਾਂ ਦਾ ਖ਼ੂਬਸੂਰਤ ਗੁਲਦਸਤਾ ਪੇਸ਼ ਕੀਤਾ ਹੈ।

ਪੁਸਤਕ ਬਾਰੇ ਗੱਲ ਕਰਦਿਆਂ ਕਿਹਾ ਜਾ ਸਕਦਾ ਹੈ ਕਿ ਉਸ ਦੀਆਂ ਰਚਨਾਵਾਂ ਵਿਚ ਪਾਣੀ ਸੀ ਘਾਟ, ਧਰਤੀ ਦਾ ਦੁਖਾਂਤ, ਦੂਸ਼ਿਤ ਵਾਤਾਵਰਣ, ਨਸ਼ੇ ਦਾ ਪ੍ਰਕੋਪ, ਬਜ਼ੁਰਗਾਂ ਦੀ ਬੇਕਦਰੀ, ਸਾਹਿਤ ਵਿਚ ਘਟਦੀ ਦਿਲਚਸਪੀ, ਮਾਂ ਬੋਲੀ, ਦੋਗਲੇ ਬੰਦੇ, ਮੂਰਤੀ ਪੂਜਾ, ਮਹਿੰਗਾਈ, ਪਰਵਾਸ ਅਤੇ ਬੇਰੁਜਗਾਰੀ ਵਰਗੇ ਵਿਸ਼ਿਆਂ ਨੂੰ ਛੋਹਿਆ ਹੈ।

ਇਸ ਪੁਸਤਕ ਦਾ ਆਗਾਜ਼ ਪਾਣੀ ਦੀ ਸਮੱਸਿਆ ਨੂੰ ਲੈ ਕੇ ਚਿੰਤਾ ਵਿਅਕਤ ਕਰਦਿਆਂ ਕੀਤਾ ਹੈ। ਪਾਣੀ ਮਨੁੱਖ ਦੀ ਮੁੱਢਲੀ ਲੋੜ ਹੈ ਜਿਸ ਨੂੰ ਮਨੁੱਖ ਅਜਾਈਂ ਗਵਾਇਆ ਜਾ ਰਿਹਾ ਹੈ। ਲੋਕ ਪਾਣੀ ਬਚਾਉਣ ਲਈ ਦੁਹਾਈ ਤਾਂ ਪਾਈ ਜਾ ਰਹੇ ਹਨ ਪਰ ਨਾਲ ਹੀ ਬਹੁਤ ਸਾਰੇ ਲੋਕ ਪਾਣੀ ਦਾ ਵਿਨਾਸ਼ ਵੀ ਕਰ ਰਹੇ ਹਨ। ਪੁਸਤਕ ਵਿਚ ਪਾਣੀ ਨਾਲ ਸਬੰਧਤ ਕਵਿਤਾਵਾਂ ਪਾਣੀ ਬਚਾਉ, ਪਾਣੀ ਦੀ ਦੁਰਵਰਤੋਂ, ਨੰਬਰ ਵਨ ਸਟੇਟ ਵਿਚ ਪਾਣੀ ਦੀ ਦੁਰਵਰਤੋਂ ਰੋਕਣ, ਪਾਣੀ ਦੀ ਸ਼ੁੱਧਤਾ ਅਤੇ ਅਤੇ ਕਿਸਾਨਾਂ ਨੂੰ ਉਹ ਫਸਲਾਂ ਬੀਜਣ ਲਈ ਸਲਾਹ ਵੀ ਦੇ ਰਿਹਾ ਹੈ ਕਵੀ ਜਿਹਨਾਂ ਲਈ ਪਾਣੀ ਦੀ ਘੱਟ ਵਰਤੋਂ ਹੋਵੇ।

ਅੱਜ ਸਿਆਸਤ ਮਨੁੱਖ ਤੇ ਭਾਰੂ ਹੈ। ਕੇਵਲ ਰਾਜਨੀਤਕ ਲੋਕ ਹੀ ਨਹੀਂ ਸਗੋਂ ਹਰ ਘਰ, ਮੁੱਹਲੇ, ਸ਼ਹਿਰ ਵਿਚ ਸਿਆਸਤ ਖੇਡੀ ਜਾ ਰਹੀ ਹੈ। ਸਿਆਸਤਦਾਨਾਂ ਵਲੋ ਲੋਕਾਂ ਦਾ ਸੋਸ਼ਣ ਅਤੇ ਮਤਲਬ ਕੱਢਣ ਦੀਆਂ ਗੱਲਾਂ ਵੀ ਪੁਸਤਕ ਵਿਚ ਮਿਲਦੀਆਂ ਹਨ। ਇਸ ਸਬੰਧੀ ਉਸ ਦੀਆਂ ਕਵਿਤਾਵਾਂ ਹਰ ਪਾਸੇ ਤੋਂ ਚੋਣਾਂ, ਵੋਟਾਂ ਪੈਣ ਦਾ ਐਲਾਨ, ਵੋਟਾਂ, ਨੇਤਾ ਤੇ ਦਲਿਤ ਅਤੇ ਦਲਬਦਲੀ ਦੀ ਰੁੱਤ ਵਿੱਚ ਵਾਚਿਆ ਜਾ ਸਕਦਾ ਹੈ। ਪੁਸਤਕ ਵਿਚਲੀ ਕਵਿਤਾ ਅਮਨ ਤੇ ਜੰਗ ਵਿੱਚ ਦੱਸਣ ਦਾ ਯਤਨ ਕੀਤਾ ਗਿਆ ਹੈ ਕਿ ਜੰਗ ਕਿਸੇ ਮਸਲੇ ਦਾ ਹੱਲ ਨਹੀਂ ਹੁੰਦਾ। ਜੰਗ ਨਾਲ ਤਾ ਕੇਵਲ ਤਬਾਹੀਆਂ, ਨੁਕਸਾਨ ਅਤੇ ਬਰਬਾਦੀਆਂ ਹੀ ਹੋ ਸਕਦੀਆਂ ਹਨ। ਕਵਿਤਾ ਦਾ ਬੰਦ ਕਹਿੰਦਾ ਹੈ ਕਿ -

ਜੰਗ ਨਾਲ
ਕਦੇ ਕੋਈ ਮਸਲਾ
ਹਲ ਨਹੀਂ ਹੁੰਦਾ।
ਜੰਗ ਨਾਲ
ਕੇਵਲ ਤਬਾਹੀ ਹੁੰਦੀ ਹੈ ÷ (ਪੰਨਾ 60)

ਪੁਸਤਕ ਵਿਚ ਗੁਰੂਆਂ ਅਤੇ ਉਹਨਾਂ ਦੀਆਂ ਸ਼ਹੀਦੀਆਂ ਨੂੰ ਵੀ ਅੰਕਿਤ ਕੀਤਾ ਗਿਆ ਹੈ। ਸ੍ਰੀ ਗੁਰੂ ਅਰਜਨ ਦੇਵ ਜੀ, ਸ੍ਰੀ ਗੁਰੂ ਤੇਗ ਬਹਾਦੁਰ ਜੀ ਅਤੇ ਮਾਤਾ ਗੁਜਰੀ ਦੇ ਲਾਲਾਂ ਦੀਆਂ ਕੁਰਬਾਨੀਆਂ ਦਾ ਜ਼ਿਕਰ ਆਉਂਦਾ ਹੈ। ਰੱਬ ਸਭ ਦਾ ਇਕ ਹੈ ਪਰ ਆਦਮੀ ਨੇ ਰੱਬ ਨੂੰ ਵੀ ਵੱਖ ਵੱਖ ਕਰ ਦਿੱਤਾ ਹੈ। ਕੋਈ ਅੱਲ੍ਹਾ, ਕੋਈ ਰਾਮ ਤੇ ਕੋਈ ਵਾਹਿਗੁਰੂ ਦੇ ਨਾਮ ਨਾਲ ਯਾਦ ਕਰਦਾ ਹੈ। ਸਿਰਫ ਆਪਣੇ ਮਨ ਨੂੰ ਸਮਝਾਉਣ ਦੀ ਗੱਲ ਹੈ। ਗ਼ਜ਼ਲ ਇੱਕੋ ਹੈ ਦੇ ਇਕ ਸ਼ਿਅਰ ਵਿਚ ਦਰਜ ਕੀਤਾ ਹੈ -

÷ ਇੱਕੋ ਹੈ ਭਗਵਾਨ ਤੇ ਅੱਲਾ,
ਫੜ੍ਹ ਲੈ ਆਪਣੇ ਮਨ ਦਾ ਪੱਲਾ।÷ (ਪੰਨਾ 74)

ਇਸੇ ਤਰ੍ਹਾਂ ਪੁਸਤਕ ਵਿੱਚ ਨਸ਼ੇ ਦੇ ਪਹਿਲੂ ਨੂੰ ਵੀ ਛੋਹਿਆ ਹੈ। ਇਸ ਨਾਲ ਸਬੰਧਤ ਕਵਿਤਾਵਾਂ ਮੁੰਡੇ ਨਸ਼ੇ ਦੇ ਆਦੀ, ਭਾਰਤ ਪਾਕਿ ਸਰਹੱਦ ਉੱਤੇ, ਨਸ਼ੇ ਛੱਡ ਬੰਦਿਆ ਵਿਚ ਚਿੰਤਾ ਅਤੇ ਸਲਾਹ ਮਿਲਦੀ ਹੈ। ਨਸ਼ੇੜੀ ਜਿੱਥੇ ਆਪਣੇ ਸਰੀਰ, ਇੱਜਤ ਅਤੇ ਦਿੱਖ ਦਾ ਨੁਕਸਾਨ ਕਰਦੇ ਹਨ ਉਥੇ ਆਪਣੇ ਮਾਂ ਬਾਪ ਦੀ ਬਦਨਾਮੀ ਵੀ ਕਰਵਾਉਂਦੇ ਹਨ। ਗ਼ਜ਼ਲ ਦਾ ਇਕ ਸ਼ਿਅਰ ਦੇਖੋ -

ਨਸ਼ਿਆਂ ਨੂੰ ਲੱਗ ਗਏ ਇੱਥੇ ਜਿਨ੍ਹਾਂ ਦੇ ਪੁੱਤ,
ਉਹਨਾਂ ਆਪਣੇ ਮਾਂ ਪਿਓ ਵੀ ਕੀਤੇ ਬਦਨਾਮ।÷ (ਪੰਨਾ 84)

ਪੁਸਤਕ ਵਿਚ ਧੀਆਂ ਨਾਲ ਸਬੰਧਤ ਕਵਿਤਾਵਾਂ ਵੀ ਮਿਲਦੀਆਂ ਹਨ ਜਿਵੇਂ ਕਿ ਧੀਆਂ, ਕੁੜੀਆਂ, ਨੂੰਹਾਂ, ਸੋਚਾਂ ਸੌੜੀਆਂ ਅਤੇ ਧੀਆਂ ਦੀ ਲੋਹੜੀ ਆਦਿ। ਲੇਖਕ ਵਲੋ ਪੁਸਤਕ ਵਿਚਲੀਆਂ ਬੋਲੀਆਂ ਦਾ ਵੀ ਇਹੀ ਸਾਰੰਸ਼ ਮਿਲਦਾ ਹੈ।

ਲੇਖਕ ਪੁਸਤਕ ਰਾਹੀਂ ਅਜੋਕੇ ਦੌਰ ਦੀ ਸਚਾਈ ਪੇਸ਼ ਕਰਦਾ ਹੈ। ਇਹ ਸਾਰਾ ਕੁਝ ਦਿਖਾਈ ਦੇ ਰਿਹਾ ਹੈ। ਕੁਝ ਵੀ ਓਹਲਾ ਨਹੀਂ ਹੈ। ਕਵਿਤਾਵਾਂ ਦੀ ਭਾਸ਼ਾ ਸਰਲ ਅਤੇ ਸਹਿਜ ਹੈ। ਵਰਤਮਾਨ ਸਥਿਤੀ ਮੁਤਾਬਕ ਵਿਸ਼ਾ ਚੋਣ ਕੀਤੀ ਗਈ ਹੈ। ਇਸ ਪੁਸਤਕ ਨੂੰ ਕੇਵਲ ਪੜ੍ਹਨਯੋਗ ਹੀ ਨਹੀਂ ਸਗੋਂ ਅਮਲ ਕਰਨ ਯੋਗ ਵੀ ਕਿਹਾ ਜਾ ਸਕਦਾ ਹੈ। ਲੇਖਕ ਨੇ ਆਪਣਾ ਯਤਨ ਕੀਤਾ ਹੈ ਅਮਲ ਕਰਨਾ ਪਾਠਕਾਂ ਦੇ ਜ਼ਿੰਮੇ ਆਉਂਦਾ ਹੈ।

**ਸਾਬਕਾ ਏ ਐਸ ਪੀ (ਰਾਸ਼ਟਰਪਤੀ ਤੋਂ ਐਵਾਰਡ ਪ੍ਰਾਪਤ)**
**ਸੰਸ. ਅਤੇ ਪ੍ਰਧਾਨ ਲੇਖਕ ਪਾਠਕ ਸਾਹਿਤ ਸਭਾ ਰਜਿ ਬਰਨਾਲਾ।**
**ਸੰਪਰਕ ਨੰਬਰ 95010-00224**

# ਰਿਸ਼ਤਿਆਂ ਵਿੱਚ ਬਰਾਬਰੀ : ਸਾਥ ਜਾਂ ਮੁਕਾਬਲਾ ?

ਅਜੋਕੇ ਦੌਰ ਵਿੱਚ ਜਿੱਥੇ ਅਸੀਂ ਹਰ ਖੇਤਰ ਵਿੱਚ ਮਰਦ ਅਤੇ ਔਰਤ ਦੀ ਬਰਾਬਰੀ ਦੀ ਗੱਲ ਕਰਦੇ ਹਾਂ, ਉੱਥੇ ਹੀ ਘਰੇਲੂ ਰਿਸ਼ਤਿਆਂ ਵਿੱਚ ਇਸ ਬਰਾਬਰੀ ਦੇ ਅਰਥ ਬਦਲਦੇ ਨਜ਼ਰ ਆ ਰਹੇ ਹਨ। ਅੱਜ ਦਾ ਵੱਡਾ ਸਵਾਲ ਇਹ ਹੈ ਕਿ ਰਿਸ਼ਤਿਆਂ ਵਿੱਚ ਬਰਾਬਰੀ ਦਾ ਮਤਲਬ ਇੱਕ-ਦੂਜੇ ਦਾ ਸਾਥ ਦੇਣਾ ਹੈ ਜਾਂ ਇੱਕ-ਦੂਜੇ ਨਾਲ ਮੁਕਾਬਲਾ ਕਰਨਾ ?

ਕਈ ਪਰਿਵਾਰਾਂ ਵਿੱਚ ਇਹ ਵੀ ਵੇਖਣ ਨੂੰ ਮਿਲਦਾ ਹੈ ਕਿ ਪਿਆਰ ਅਤੇ ਸਹਿਯੋਗ ਦੀ ਥਾਂ ਕਈ ਵਾਰ ਤੁਲਨਾ, ਗਿਣਤੀ ਅਤੇ ਰੁਤਬੇ ਦੀ ਦਿਵਾਰ ਖੜੀ ਹੋ ਜਾਂਦੀ ਹੈ, ਜਿਸ ਨਾਲ ਰਿਸ਼ਤਿਆਂ ਦੀ ਨਿੱਘ ਹੌਲੀ-ਹੌਲੀ ਠੰਡੀ ਪੈਣ ਲੱਗਦੀ ਹੈ।

**ਭੂਮਿਕਾਵਾਂ ਦਾ ਬਦਲਦਾ ਰੂਪ**

ਮਾਹਿਰਾਂ ਦਾ ਮੰਨਣਾ ਹੈ ਕਿ ਕੁਦਰਤ ਨੇ ਮਰਦ ਅਤੇ ਔਰਤ ਨੂੰ ਵੱਖ-ਵੱਖ ਜ਼ਿੰਮੇਵਾਰੀਆਂ ਸੌਂਪੀਆਂ ਹਨ। ਜਦੋਂ ਸਮਾਜ ਬਦਲਦਾ ਹੈ, ਘਰ ਦੇ ਅੰਦਰ ਦੀਆਂ ਉਮੀਦਾਂ ਅਤੇ ਜ਼ਿੰਮੇਵਾਰੀਆਂ ਦੀ ਵੰਡ ਵੀ ਰੂਪ ਬਦਲਦੀ ਹੈ।

ਪਰ ਸਮੱਸਿਆ ਤਦ ਖੜ੍ਹਦੀ ਹੈ ਜਦੋਂ ਸੰਤੁਲਨ ਦੀ ਥਾਂ ਸਿਰਫ਼ ਅਧਿਕਾਰਾਂ ਦੀ ਗੱਲ ਲਹਿਰ ਬਣ ਜਾਂਦੀ ਹੈ ਅਤੇ ਜ਼ਿੰਮੇਵਾਰੀਆਂ ਪਿੱਛੇ ਰਹਿ ਜਾਂਦੀਆਂ ਹਨ। ਇਸ ਨਾਲ ਪਰਿਵਾਰਕ ਢਾਂਚਾ ਥਰਥਰਾਉਣ ਲੱਗਦਾ ਹੈ।

ਇਸਦੇ ਨਾਲ-ਨਾਲ, ਦੌੜ-ਭੱਜ ਵਾਲੀ ਜ਼ਿੰਦਗੀ, ਤਣਾਅ, ਆਦਤਾਂ ਵਿੱਚ ਖਰਾਬੀ ਅਤੇ ਨਸ਼ਿਆਂ ਵਰਗੀਆਂ ਗੱਲਾਂ ਨੇ ਪਰਿਵਾਰ ਦੀ ਮਨੋਵਿਗਿਆਨਿਕ ਅਤੇ ਸਮਾਜਿਕ ਸਿਹਤ ਨੂੰ ਹੋਰ ਨਾਜ਼ੁਕ ਬਣਾ ਦਿੱਤਾ ਹੈ, ਜਿਸ ਕਾਰਨ ਸਮਾਜ ਵਿੱਚ ਕਈ ਨਵੀਆਂ ਚੁਣੌਤੀਆਂ ਪੈਦਾ ਹੋ ਰਹੀਆਂ ਹਨ।

**ਹਉਮੈ - ਰਿਸ਼ਤਿਆਂ ਦਾ ਅਣਦਿੱਖ ਵੈਰੀ**

ਘਰੇਲੂ ਕਲੇਸ਼ ਦਾ ਸਭ ਤੋਂ ਵੱਡਾ ਕਾਰਨ "ਮੈਂ"ਦੀ ਭਾਵਨਾ ਹੈ। ਜਦੋਂ ਪਤੀ-ਪਤਨੀ ਆਪਣੀ ਸਾਲਾਨਾ ਕਮਾਈ, ਅਹੁਦੇ ਜਾਂ ਸਮਾਜਿਕ ਹੈਸੀਅਤ ਦੇ ਆਧਾਰ 'ਤੇ ਘਰ ਦੇ ਕੰਮ ਅਤੇ ਫ਼ੈਸਲੇ ਤੋਲਣ ਲੱਗਦੇ ਹਨ, ਉੱਥੇ ਪਿਆਰ ਦੀ ਥਾਂ ਅਹੰਕਾਰ ਅਤੇ ਮੁਕਾਬਲੇ ਦੀ ਭਾਵਨਾ ਜੜ ਪੱਕੀ ਕਰ ਜਾਂਦੀ ਹੈ।



ਹਉਮੈ ਰਿਸ਼ਤਿਆਂ ਨੂੰ ਬਰਾਬਰੀ ਦੇ ਮੈਦਾਨ ਤੋਂ ਹਟਾ ਕੇ ਤਕੜੀ 'ਤੇ ਖੜ੍ਹਾ ਕਰ ਦਿੰਦੀ ਹੈ, ਜਿਥੇ ਪਿਆਰ ਹਾਰਦਾ ਤੇ ਅਹੰਕਾਰ ਜਿੱਤਦਾ ਹੈ ਪਰ ਪਰਿਵਾਰ ਹਾਰਦਾ ਹੀ ਹਾਰਦਾ ਹੈ।

**ਰਿਸ਼ਤਿਆਂ ਨੂੰ ਮਜ਼ਬੂਤ ਬਣਾਉਣ ਦੇ ਤਿੰਨ ਮੁੱਖ ਸੂਤਰ**

**1. ਸੇਵਾ ਵਿੱਚ ਪਿਆਰ, ਨਾ ਕਿ ਮਜਬੂਰੀ**

ਘਰ ਦੇ ਕੰਮ ਜਿਵੇਂ ਕਿ ਰੋਟੀ ਬਣਾਉਣਾ ਜਾਂ ਪਰਿਵਾਰ ਦੀ ਦੇਖਭਾਲ ਕਰਨਾ, ਕਿਸੇ ਮਜਬੂਰੀ ਦੀ ਥਾਂ ਪਿਆਰ ਨਾਲ ਕੀਤੇ ਜਾਣੇ ਚਾਹੀਦੇ ਹਨ।

**2. ਸਤਿਕਾਰ — ਕਮਾਈ ਤੋਂ ਵੱਡਾ**

ਬਰਾਬਰੀ ਨੂੰ ਕਮਾਈ ਨਾਲ ਨਹੀਂ ਨਪਿਆ ਜਾਂਣਾ ਚਾਹੀਦਾ। ਸਤਿਕਾਰ ਹੀ ਉਹ ਗੂੰਦ ਹੈ ਜੋ ਪਰਿਵਾਰ ਨੂੰ ਇਕੱਠੇ ਰੱਖਦੀ ਹੈ। ਭਾਵੇਂ ਪਤੀ ਦੀ ਕਮਾਈ ਵੱਧ ਹੋਵੇ ਜਾਂ ਪਤਨੀ ਪਤੀ ਨਾਲੋਂ ਵੱਧ ਕਮਾਉਂਦੀ ਹੋਵੇ, ਪਰਿਵਾਰ ਦੀ ਮਜ਼ਬੂਤੀ ਲਈ ਆਪਸੀ ਸਤਿਕਾਰ ਅਤੇ ਸਮਝੌਤਾ ਬੇਹੱਦ ਜ਼ਰੂਰੀ ਹੈ।

**3. ਬਿਨਾ ਸ਼ਰਤਾਂ ਵਾਲਾ ਸਾਥ**

ਰਿਸ਼ਤਿਆਂ ਵਿੱਚ ਕੋਈ ਸ਼ਰਤ ਨਹੀਂ ਹੋਣੀ ਚਾਹੀਦੀ। ਜੇਕਰ ਪਤਨੀ ਦੀ ਸਿਹਤ ਠੀਕ ਨਹੀਂ ਹੈ, ਤਾਂ ਪਤੀ ਵੱਲੋਂ ਘਰ ਦੇ ਕੰਮਾਂ ਵਿੱਚ ਹੱਥ ਵਟਾਉਣਾ ਜਾਂ ਚਾਹ ਬਣਾ ਕੇ ਦੇਣਾ ਬਰਾਬਰੀ ਦਾ ਅਸਲ ਪ੍ਰਤੀਕ ਹੈ। ਉਸੇ ਤਰ੍ਹਾਂ, ਜਦੋਂ ਪਤੀ ਕਿਸੇ ਦਬਾਅ ਵਿੱਚ ਹੋਵੇ ਅਤੇ ਪਤਨੀ ਉਸਦਾ ਮਨੋਬਲ ਬਣੇ ਇਹ ਵੀ ਬਰਾਬਰੀ ਦਾ ਸੱਚਾ ਰੂਪ ਹੈ।

ਪਰਿਵਾਰ ਕੋਈ ਦਫ਼ਤਰ ਨਹੀਂ ਹੈ ਜਿੱਥੇ ਕੰਮ ਦੇ ਘੰਟੇ ਜਾਂ ਤਨਖ਼ਾਹ ਦੇ ਆਧਾਰ 'ਤੇ ਰਿਸ਼ਤੇ ਤੈਅ ਹੋਣ। ਪਰਿਵਾਰ ਉਹ ਥਾਂ ਹੈ ਜਿੱਥੇ ਦੋ ਜਣੇ ਆਪਣੀਆਂ ਭੂਮਿਕਾਵਾਂ ਨਾਲ ਇਕ-ਦੂਜੇ ਨੂੰ ਪੂਰਾ ਕਰਦੇ ਹਨ ਅਤੇ ਮੋਢੇ ਨਾਲ ਮੋਢਾ ਜੋੜ ਕੇ ਜ਼ਿੰਦਗੀ ਦੀਆਂ ਔਖੀਆਂ ਗਲੀਆਂ ਨੂੰ ਪਾਰ ਕਰਦੇ ਹਨ। ਰਿਸ਼ਤੇ ਤਦ ਹੀ ਸਫਲ ਹੁੰਦੇ ਹਨ ਜਦੋਂ ਦੋਵੇਂ ਸਾਥੀ ਇੱਕ-ਦੂਜੇ ਦੀਆਂ ਕੁਦਰਤੀ ਭੂਮਿਕਾਵਾਂ ਨੂੰ ਸਮਝਣ ਅਤੇ ਇੱਕ-ਦੂਜੇ ਦਾ ਪੂਰਕ ਬਣ ਕੇ ਚੱਲਣ। ਬਰਾਬਰੀ ਦਾ ਮਤਲਬ ਇੱਕ-ਦੂਜੇ ਦੇ ਵਿਰੁੱਧ ਲੜਨਾ ਨਹੀਂ, ਬਲਕਿ ਇੱਕ-ਦੂਜੇ ਦੇ ਮੋਢੇ ਨਾਲ ਮੋਢਾ ਜੋੜ ਕੇ ਪਰਿਵਾਰ ਨੂੰ ਅੱਗੇ ਲਿਜਾਣਾ ਹੈ। ਅਸਲੀ ਬਰਾਬਰੀ ਦਾ ਮਤਲਬ ਜਿੱਤਣਾ ਨਹੀਂ, ਸਾਥ ਦੇਣਾ ਹੈ। ਜਦੋਂ ਰਿਸ਼ਤੇ ਇਹ ਸਮਝ ਲੈਂਦੇ ਹਨ ਤਾਂ ਬਰਾਬਰੀ ਪਿਆਰ ਬਣ ਜਾਂਦੀ ਹੈ, ਮੁਕਾਬਲਾ ਨਹੀਂ।

ਸਮਾਜਿਕ ਵਿਕਾਸ ਲਈ ਇਹ ਬਹੁਤ ਜ਼ਰੂਰੀ ਹੈ ਕਿ ਅਸੀਂ ਬਰਾਬਰੀ ਨੂੰ ਅਧਿਕਾਰਾਂ ਦੀ ਜੰਗ ਬਣਾਉਣ ਦੀ ਬਜਾਏ ਇਸ ਨੂੰ ਸਾਂਝੀ ਜ਼ਿੰਮੇਵਾਰੀ ਵਜੋਂ ਦੇਖੀਏ। ਜੇਕਰ ਅਸੀਂ ਚਾਹੁੰਦੇ ਹਾਂ ਕਿ ਸਾਡੀਆਂ ਆਉਣ ਵਾਲੀਆਂ ਨਸਲਾਂ ਇੱਕ ਸਿਹਤਮੰਦ ਪਰਿਵਾਰਕ ਮਾਹੌਲ ਵਿੱਚ ਪਲਣ, ਤਾਂ ਸਾਨੂੰ ਘਰਾਂ ਵਿੱਚ ਮੁਕਾਬਲੇਬਾਜ਼ੀ ਨੂੰ ਖਤਮ ਕਰਕੇ ਸਹਿਯੋਗ ਦੀ ਭਾਵਨਾ ਨੂੰ ਮੁੜ ਸੁਰਜੀਤ ਕਰਨਾ ਪਵੇਗਾ। ਅਖੀਰ ਵਿੱਚ, ਰਿਸ਼ਤਿਆਂ ਦੀ ਖ਼ੂਬਸੂਰਤੀ ਇਸ ਵਿੱਚ ਨਹੀਂ ਕਿ ਕੌਣ ਕਿਸ ਤੋਂ ਉੱਪਰ ਹੈ, ਬਲਕਿ ਇਸ ਵਿੱਚ ਹੈ ਕਿ ਦੋਵੇਂ ਕਿਵੇਂ ਮਿਲ ਕੇ ਇੱਕ ਸੁੰਦਰ ਸੰਸਾਰ ਸਿਰਜਦੇ ਹਨ।

ਨਿਊਯਾਰਕ ਪ੍ਰੀਤਨਾਮਾ
ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ ਖਰਾ ਸੱਚ
ਚਾਨਣਦੀਪ ਸਿੰਘ ਔਲਖ
9876888177

5 ਫ਼ਰਵਰੀ ਤੇ ਵਿਸ਼ੇਸ਼ ਲੇਖ

# ਵੱਡਾ ਘੱਲੂਘਾਰਾ



ਸਿੱਖਾਂ ਦਾ ਇਤਿਹਾਸ ਸ਼ਹੀਦੀਆਂ ਨਾਲ ਭਰਿਆ ਪਿਆ ਹੈ।18ਵੀਂ ਸਦੀ ਵਿਚ ਸਿੱਖਾਂ ਉਪਰ ਵਾਪਰੇ ਦੋ ਘੱਲੂਘਾਰਿਆਂ ਦਾ ਇਤਿਹਾਸ ਵੱਖਰਾ ਹੀ ਹੈ ਇਹ ਦੋਵੇਂ ਘੱਲੂਘਾਰੇ ਛੋਟੇ ਅਤੇ ਵੱਡੇ ਘੱਲੂਘਾਰੇ ਦੇ ਨਾਮ ਨਾਲ ਜਾਣੇ ਜਾਂਦੇ ਹਨ।ਛੋਟਾ ਘੱਲੂਘਾਰਾ 17 ਮਈ 1746 ਨੂੰ ਜਿਲ੍ਹਾ ਗੁਰਦਾਸਪੁਰ ਦੇ ਕਾਹਨੂੰਵਾਨ ਛੰਭ ਚੋਂ ਵਾਪਰਿਆ।

ਵੱਡਾ ਘੱਲੂਘਾਰਾ ਇਸ ਛੋਟੇ ਘੱਲੂਘਾਰੇ ਤੋਂ 16 ਸਾਲ ਬਾਅਦ 5 ਫ਼ਰਵਰੀ 1762 ਨੂੰ ਰੋਹੀੜੇ (ਨੇੜੇ ਕੁੱਪ)ਜਿਲ੍ਹਾ ਸੰਗਰੂਰ ਦੀ ਧਰਤੀ ਤੇ ਵਾਪਰਿਆ।

ਮੁਗਲਾਂ ਦਾ ਰਾਜ ਲਗਭਗ ਖ਼ਤਮ ਹੋ ਚੱਲਿਆ ਸੀ।ਮਰਹੱਟੇ ਤਾਕਤ ਫੜ੍ਹਦੇ ਜਾ ਰਹੇ ਸਨ ਉਹਨਾਂ ਦੀ ਤਾਕਤ ਘੱਟ ਕਰਨ ਲਈ ਅਬਦਾਲੀ ਨੇ ਮਰਹੱਟਿਆਂ ਤੇ ਹੱਲਾ ਬੋਲ ਦਿੱਤਾ।ਏਸ਼ੀਆ ਦੇ ਵੱਡੇ ਸੈਨਾਪਤੀਆਂ ਵਿਚ ਗਿਣੇ ਜਾਣ ਵਾਲੇ ਅਬਦਾਲੀ ਨੇ ਹਿੰਦੁਸਤਾਨ ਉਪਰ ਅੱਠ ਹਮਲੇ ਕੀਤੇ ਆਪਣੇ ਪੰਜਵੇਂ ਹਮਲੇ ਸਮੇਂ ਪਾਣੀਪਤ ਦੇ ਮੈਦਾਨ ਵਿਚ ਮਰਹੱਟਿਆਂ ਨਾਲ ਯੁੱਧ ਕਰਨ ਸਮੇਂ ਉਹਨਾਂ ਦਾ ਚੰਗੀ ਤਰਾਂ ਲੱਕ ਤੋੜ ਦਿੱਤਾ।ਅਬਦਾਲੀ ਮਰਹੱਟਿਆਂ ਨੂੰ ਲੁੱਟ ਕੇ ਇਕ ਮਹਾਨ ਜੇਤੂ ਦੇ ਰੂਪ ਵਿਚ ਕਾਬਲ ਜਾ ਰਿਹਾ ਸੀ। ਪੰਜਾਬ ਵਿਚ ਦੀ ਲੰਘਦਿਆਂ ਖ਼ਾਲਸੇ ਨੇ ਉਸ ਨੂੰ ਆਪਣੀ ਹੋਂਦ ਦਾ ਅਹਿਸਾਸ ਕਰਵਾਉਣ ਦਾ ਫੈਂਸਲਾ ਕੀਤਾ।ਸਰਦਾਰ ਚੜ੍ਹਤ ਸਿੰਘ ਸੁਕਰਚੱਕੀਆ ਆਪਣੇ ਯੋਧਿਆਂ ਨਾਲ ਅਬਦਾਲੀ ਦੇ ਪਿੱਛੇ ਲੱਗ ਗਿਆ ਜੋ ਅਬਦਾਲੀ ਮਾਲ ਮਰਹੱਟਿਆਂ ਤੋਂ ਲੁੱਟ ਕੇ ਲਿਜਾ ਰਿਹਾ ਸੀ ਉਹ ਸਾਰਾ ਮਾਲ ਹੱਲਾ ਬੋਲਕੇ ਆਪਣੇ ਕਬਜ਼ੇ ਵਿੱਚ ਕਰ ਲਿਆ ਇਹ ਵੇਖ ਕੇ ਅਬਦਾਲੀ ਦੇ ਗੁੱਸੇ ਦੀ ਕੋਈ ਹੱਦ ਨਾ ਰਹੀ।

ਅਬਦਾਲੀ ਨੂੰ ਤਿੰਨੇ ਚੁਗਲਾਂ ਮਹੰਤ ਆਕਲ ਦਾਸ ਹੰਡਾਲੀਆ ਜੰਡਿਆਲੇ ਵਾਲਾ, ਚੁਗਲਾ ਰਾਮ ਰੰਧਾਵਾ, ਰਾਜਾ ਘੁਮੰਡ ਅਤੇ ਹੋਰ ਨਵਾਬਾਂ ਚੌਧਰੀਆਂ ਨੇ ਸਿੰਘਾਂ ਬਾਰੇ ਅਬਦਾਲੀ ਨੂੰ ਉਕਸਾ ਕੇ ਸਿੰਘਾਂ ਤੇ ਛੇਵਾਂ ਹਮਲਾ ਕਰਕੇ ਖੋਜ ਖੁਰਾ ਮਿਟਾਉਣ ਲਈ ਕਿਹਾ।

ਜਦੋਂ ਸਿੰਘਾਂ ਨੂੰ ਅਬਦਾਲੀ ਦੇ ਛੇਵੇਂ ਹਮਲੇ ਦੀ ਸੂਹ ਮਿਲੀ ਕੇ ਅਬਦਾਲੀ ਬੜੀ ਤੇਜ਼ੀ ਨਾਲ ਮਾਲਵੇ ਦੇ ਇਲਾਕੇ ਵੱਲ ਸਿੰਘਾਂ ਤੇ ਹਲਾ ਬੋਲ ਕੇ ਉਹਨਾਂ ਦਾ ਖੋਜ ਖੁਰਾ ਮਿਟਾਉਣ ਆ ਰਿਹਾ ਹੈ।ਖ਼ਾਲਸੇ ਨੇ ਬੜੀ ਦੂਰ-ਅੰਦੇਸ਼ੀ ਵਾਲਾ ਫ਼ੈਸਲਾ ਕੀਤਾ ਕੇ ਸਭ ਤੋਂ ਪਹਿਲਾਂ ਟੱਬਰਾਂ ਅਤੇ ਬੱਚਿਆਂ ਦੀ ਰੱਖਿਆ ਕੀਤੀ ਜਾਵੇ ਜੇਕਰ ਪਰਿਵਾਰ ਬੱਚ ਰਹੇ ਤਾਂ ਸਿੱਖ ਕੌਮ ਬਚ ਰਹੇਗੀ ਜੇਕਰ ਸਿੱਖ ਕੌਮ ਬਚ ਰਹੀ ਤਾਂ ਸਿੱਖ ਧਰਮ ਬਚ ਰਹੇਗਾ। ਰੋਹੀੜੇ(ਕੁੱਪ)ਦੀ ਥੇਹ ਨੇੜੇ ਪੰਜਾਹ ਪੰਚਵੰਜਾ ਹਜ਼ਾਰ ਦੀ ਗਿਣਤੀ ਵਿਚ ਸਿੱਖ ਇਕੱਠੇ ਹੋ ਗਏ ਇਸ ਗਿਣਤੀ ਵਿਚ ਬੱਚੇ ਬੁੱਢੇ ਔਰਤਾਂ ਵੀ ਸ਼ਾਮਲ ਸਨ। ਇਹਨਾਂ ਪਰਿਵਾਰਾਂ ਨੂੰ ਬਰਨਾਲੇ ਵਿਖੇ ਜਿੱਥੇ ਬਾਬਾ ਆਲਾ ਸਿੰਘ ਜੀ ਦਾ ਰਾਜ ਸੀ ਸੁਰੱਖਿਅਤ ਥਾਂ ਵੱਲ ਲਿਜਾਇਆ ਜਾ ਰਿਹਾ ਸੀ।ਸਿੱਖ ਸਰਦਾਰਾਂ ਨੂੰ ਉਮੀਦ ਸੀ ਕੇ ਅਬਦਾਲੀ ਨੂੰ ਸਿੱਖਾਂ ਤੱਕ ਪੁੱਜਣ ਲਈ ਕਈ ਦਿਨ ਲੱਗ ਜਾਣਗੇ ਅਬਦਾਲੀ 3 ਫ਼ਰਵਰੀ 1762 ਨੂੰ ਲਾਹੌਰ ਪਹੁੰਚ ਗਿਆ ਸਿੱਖਾਂ ਨੂੰ ਉਮੀਦ ਸੀ ਹਜੇ ਲਾਹੌਰ ਅਰਾਮ ਕਰਕੇ ਫਿਰ ਇੱਧਰ ਆਵੇਗਾ ਪਰ ਅਬਦਾਲੀ ਮਾਰੋ ਮਾਰ ਕਰਦਾ ਪੰਜਾਹ ਹਜ਼ਾਰ ਫ਼ੌਜ ਅਤੇ ਵੀਹ ਪੰਚੀ ਹਜ਼ਾਰ ਮੁਸਲਮ ਮੁਲਖਈਆਂ ਸਮੇਤ 5 ਫ਼ਰਵਰੀ ਨੂੰ ਰੋਹੀੜੇ ਆ ਸਿੱਖਾਂ ਨੂੰ ਘੇਰ ਲਿਆ।ਇਧਰੋਂ ਨਵਾਬ ਜੈਨ ਖਾਂ ਸਰਹਿੰਦ ਤੇ ਨਵਾਬ ਮਲੇਰਕੋਟਲਾ ਆਪਣੀ ਸੈਨਾ ਲੈ ਕੇ ਆ ਗਏ।

ਪੰਜਾਬ ਬਾਰ੍ਹਾਂ ਮਿਸਲਾਂ ਦੇ ਰੂਪ ਵਿਚ ਸਿੱਖਾਂ ਦੇ ਕਬਜ਼ੇ ਵਿਚ ਆ ਚੁੱਕਾ ਸੀ। ਦਲ ਖਾਲਸਾ ਜੱਸਾ ਸਿੰਘ ਅਹਲੂਵਾਲੀਏ ਦੀ ਅਗਵਾਈ ਵਿਚ ਮਜਬੂਤ ਦਲ ਬਣ ਚੁੱਕਾ ਸੀ। ਇਸ ਜੰਗ ਦੀ ਕਮਾਨ ਜੱਸਾ ਸਿੰਘ ਆਹਲੂਵਾਲੀਏ ਨੇ ਸੰਭਾਲ ਲਈ ਉਹਨਾਂ ਦਾ ਸਾਥ ਸਰਦਾਰ ਸ਼ਾਮ ਸਿੰਘ ਕਰੋੜ ਸਿੰਘੀਆ ਤੇ ਸਰਦਾਰ ਚੜ੍ਹਤ ਸਿੰਘ ਸ਼ੁਕਚੱਕੀਆ ਵਰਗੇ ਜਰਨੈਲ ਦੇ ਰਹੇ ਸਨ। ਘਮਸਾਨ ਦਾ ਜੰਗ ਜਾਰੀ ਹੋ ਚੁੱਕਾ ਸੀ ਇਸ ਵਿਚ ਲੜਨ ਵਾਲੇ ਸਿੰਘਾਂ ਦੀ ਗਿਣਤੀ ਘੱਟ ਸੀ ਛੋਟੇ ਬੱਚੇ ਬੁੱਢਿਆਂ ਦੀ ਗਿਣਤੀ ਜਿਆਦਾ ਸੀ।

ਸਿੰਘਾਂ ਨੂੰ ਆਪਣੀ ਮੌਤ ਨਾਲੋਂ ਜਿਆਦਾ ਚਿੰਤਾ ਵਹੀਰ ਨੂੰ ਬਚਾਉਣ ਦੀ ਸੀ।ਸਾਰੇ ਸਿੰਘ ਵਹੀਰ ਦੇ ਆਲੇ ਦੁਵਾਲੇ ਘੇਰਾ ਬੰਨ ਕੇ ਦੁਸ਼ਮਣਾ ਨਾਲ ਲੜ ਰਹੇ ਸਨ। ਜੱਸਾ ਸਿੰਘ ਅਹਲੂਵਾਲੀਆ ਵਹੀਰ ਨੂੰ ਕਹਿ ਰਹੇ ਸਨ ਲੜ ਲੜ ਕੇ ਤੁਰਦੇ ਜਾਉ।

ਅਬਦਾਲੀ ਅਤੇ ਉਸ ਦੇ ਜਰਨੈਲਾਂ ਨੇ ਇਕਦਮ

ਨਿਊਜਾਰਕ
ਪ੍ਰੀਤਨਾਮਾ
ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ ਖਰਾ ਸੱਚ
ਸੁਖਵਿੰਦਰ ਸਿੰਘ ਮੁੱਲਾਂਪੁਰ
91 8427454104

ਇਕੱਠਾ ਹਮਲਾ ਕਰਨ ਦੀ ਸਕੀਮ ਬਣਾਈ ਇਸ ਹਮਲੇ ਨਾਲ ਸਿੰਘਾਂ ਦੇ ਪੈਰ ਉੱਖੜ ਗਏ ਵਹੀਰ ਦੁਵਾਲੇ ਸਿੰਘਾਂ ਦਾ ਘੇਰਾ ਟੁੱਟ ਗਿਆ ਵਹੀਰ ਦਾ ਬਹੁਤ ਨੁਕਸਾਨ ਹੋਇਆ।ਵੈਰੀਆਂ ਨੇ ਬਹੁਤ ਗਿਣਤੀ ਵਿਚ ਸਿੱਖ ਟੱਬਰ ਸ਼ਹੀਦ ਕਰ ਦਿੱਤੇ ਪਰ ਥੋੜੇ ਸਮੇਂ ਬਾਅਦ ਸਿੰਘ ਫਿਰ ਵਹੀਰ ਦੁਆਲੇ ਘੇਰਾ ਬਨਾਉਣ ਵਿਚ ਸਫ਼ਲ ਹੋ ਗਏ। ਸਿੰਘ ਤੁਰਦੇ ਤੁਰਦੇ ਕੁਤਬੇ ਬਾਮਣੀ ਤੋਂ ਅੱਗੇ ਹਠੂਰ ਦੀ ਢਾਬ ਉੱਤੇ ਪਹੁੰਚ ਗਏ। ਕੁਤਬੇ ਦੀ ਢਾਬ ਤੇ ਪਹੁੰਚ ਕੇ ਢਾਬ ਦੇ ਇਕ ਪਾਸੇ ਮੁਗਲ ਸੈਨਾਂ ਅਤੇ ਦੂਸਰੇ ਪਾਸੇ ਸਿੰਘ ਫ਼ੌਜਾਂ ਨੇ ਪਾਣੀ ਪੀਤਾ। ਲੜ੍ਹਾਈ ਲੜਦੀ ਹੋਈ ਕੁਝ ਫ਼ੌਜ ਬਰਨਾਲੇ ਵੱਲ ਨੂੰ ਅਤੇ ਕੁਝ ਫ਼ੌਜ ਹਠੂਰ ਹੁੰਦੀ ਹੋਈ ਹਨੇਰੇ ਦਾ ਫਾਇਦਾ ਲੈ ਕੇ ਦੂਰ ਦੂਰ ਪਿੰਡਾਂ ਵਿਚ ਖਿਲਰ ਗਈ।

ਇਸ ਜੰਗ ਵਿਚ ਜੱਸਾ ਸਿੰਘ ਅਹਲੂਵਾਲੀਏ ਦੇ ਸਰੀਰ ਉਪਰ 32 ਅਤੇ ਸ਼ਾਮ ਸਿੰਘ ਦੇ ਸਰੀਰ ਉਪਰ 16 ਫੱਟ ਲੱਗੇ ਸਨ ਕੋਈ ਸਿੰਘ ਅਜਿਹਾ ਨਹੀ ਸੀ ਜਿਸ ਦੇ ਸਰੀਰ ਉਪਰ ਜਖ਼ਮ ਦਾ ਨਿਸ਼ਾਨ ਨਾ ਹੋਵੇ ਇਹ ਲੜਾਈ ਰੋਹੀੜੇ ਦੇ ਮੈਦਾਨ ਤੋਂ ਲੈ ਕੇ ਗਹਿਲਾਂ ਤੱਕ ਲੱਗਭੱਗ ਵੀਹ ਮੀਲ ਦੇ ਏਰੀਏ ਵਿਚ ਲੜੀ ਗਈ। ਇਸ ਘੱਲੂਘਾਰੇ ਵਿਚ ਲਗਭਗ ਪੈਂਤੀ ਹਜ਼ਾਰ ਸਿੰਘ ਸ਼ਹੀਦ ਹੋਣ ਕਰਕੇ ਇਕ ਦਿਨ ਵਿਚ ਅੱਧੀ ਕੌਮ ਸ਼ਹੀਦ ਹੋ ਚੁੱਕੀ ਸੀ।

15 ਫਰਵਰੀ 1762 ਨੂੰ ਅਬਦਾਲੀ ਜਦ ਸਰਹੰਦ ਤੋਂ ਲਾਹੌਰ ਵੱਲ ਮੁੜਿਆ ਰਸਤੇ ਵਿਚ ਉਸ ਨੇ ਸ੍ਰੀ ਅੰਮ੍ਰਿਤਸਰ ਨੂੰ ਘੇਰਾ ਪਾ ਲਿਆ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਸਾਰੇ ਗੁਰਧਾਮ ਢਹਿ ਢੇਰੀ ਕਰ ਦਿੱਤੇ। ਹਰਿਮੰਦਰ ਸਾਹਿਬ ਨੂੰ ਬਰੂਦ ਦੇ ਕੁੱਪੇ ਰੱਖ ਕੇ ਉੱਡਾ ਦਿੱਤਾ ਦਰਬਾਰ ਸਾਹਿਬ ਦੇ ਸਰੋਵਰ ਨੂੰ ਇਟਾਂ ਵੱਟੇ ਅਤੇ ਆਲੇ ਦੁਆਲੇ ਦੇ ਘਰ ਢਾਅ ਕੇ ਪੂਰ ਦਿੱਤਾ। ਸ੍ਰੀ ਅਕਾਲ ਤਖ਼ਤ ਸਾਹਿਬ ਵੀ ਢਹਿ ਢੇਰੀ ਕਰ ਦਿੱਤਾ ਜੋ ਚੁਗਲੀ ਕਰਕੇ ਸਿੰਘ ਸਿੰਘਣੀਆਂ ਅਤੇ ਬੱਚੇ ਅਬਦਾਲੀ ਨੂੰ ਫੜ੍ਹਾ ਦਿੱਤੇ ਗਏ ਉਹਨਾਂ ਨੂੰ ਗੁਰੂ ਕੇ ਬਾਗ਼ ਦੀ ਖੁੱਲੀ ਜਗ ?ਹਾ ਵਿਚ ਕਤਲ ਕਰ ਦਿੱਤਾ ਗਿਆ।

ਜਿਸ ਟਾਇਮ ਅਬਦਾਲੀ ਨੇ ਸ੍ਰੀ ਹਰਿਮੰਦਰ ਸਾਹਿਬ ਬਰੂਦ ਨਾਲ ਉਡਾਇਆ ਤਾਂ ਉਸ ਦੇ ਪਰਕਰਮਾਂ ਵਿਚ ਖੜੇ ਦੇ ਇਕ ਇੱਟ ਨੱਕ ਤੇ ਆ ਵੱਜੀ ਉਸ ਜਖ਼ਮ ਨੂੰ ਮੁੜ ਅਰਾਮ ਨਾ ਆਇਆ ਅਤੇ ਕੈਂਸਰ ਦਾ ਰੋਗ ਬਣ ਕੇ ਉਸ ਦੀ ਮੌਤ ਹੋ ਗਈ।

ਰੋਹੀੜੇ ਸ਼ਹੀਦਾਂ ਦੀ ਯਾਦ ਵਿਚ ਬਹੁਤ ਸੁੰਦਰ ਗੁਰਦੁਵਾਰਾ ਸਾਹਿਬ ਬਣ ਚੁੱਕਾ ਹੈ ਇੱਥੇ ਹਰ ਸਾਲ ਸ਼ਹੀਦਾਂ ਦੀ ਯਾਦ ਵਿਚ 3, 4, 5 ਫ਼ਰਵਰੀ ਨੂੰ ਜੋੜ ਮੇਲ ਬੜੀ ਸ਼ਰਧਾ ਨਾਲ ਮਨਾਇਆ ਜਾਂਦਾ ਹੈ।

# ਅਸੰਭਵ ਸ਼ਬਦ ਦਾ ਤਿਆਗ

ਅਜੋਕੇ ਯੁੱਗ ਵਿੱਚ ਤੇਜ ਰਫਤਾਰ ਜ਼ਿ?ਦਗੀ ਦੇ ਚਲਦਿਆਂ ਇਹ ਸ਼ਬਦ ਸੁਣਨ ਨੂੰ ਮਿਲਦੇ ਹਨ ਕਿ ਇਹ ਕੰਮ ਤਾਂ ਮੇਰੇ ਲਈ ਅਸੰਭਵ ਹੈ ,ਹਾਲਾਂਕਿ ਸਿਆਣੇ, ਵਿਦਵਾਨ ਅਤੇ ਬੁੱਧੀਜੀਵੀ ਲੋਕ ਸਮਝਾਉਂਦੇ ਹਨ ਕਿ ਅਸੰਭਵ ਸ਼ਬਦ ਰੂਹ ਤੋਂ ਹਾਰੇ ਹੋਏ ਮਨੁੱਖਾਂ ਦਾ ਸ਼ਬਦ ਹੈ। ਪੜ੍ਹਨ ਵਾਲੇ ਵਿਦਿਆਰਥੀਆਂ ਲਈ ਇਹ ਲਾਜ਼ਮੀ ਹੈ ਕਿ ਅਸੰਭਵ ਸ਼ਬਦ ਨੂੰ ਆਪਣੇ ਜੀਵਨ ਵਿੱਚੋਂ ਕੱਢ ਕੇ ਬਾਹਰ ਸੁੱਟ ਦੇਣ।ਕਾਰਨ ਇਹ ਹੈ ਕਿ ਵਿਦਿਆਰਥੀਆਂ ਨੇ ਹੀ ਆਉਣ ਵਾਲੇ ਸਮੇਂ ਵਿੱਚ ਦੇਸ਼ ਅਤੇ ਸਮਾਜ ਦੀ ਵਾਗਡੋਰ ਆਪਣੇ ਹੱਥ ਵਿੱਚ ਸਾਂਭਣੀ ਹੁੰਦੀ ਹੈ। ਜੇਕਰ ਸਾਡੇ ਭਵਿੱਖੀ ਨੇਤਾ ਅਜਿਹੇ ਨਕਾਰਾਤਮਕ ਸ਼ਬਦ ਦੇ ਜਾਲ ਵਿੱਚ ਫਸ ਗਏ ਤਾਂ ਸਾਡੇ ਦੇਸ਼ ਅਤੇ ਸਮਾਜ ਨੂੰ ਕੌਣ ਬਚਾਏਗਾ ? ਸੋ ਵਿਦਿਆਰਥੀਆਂ ਲਈ ਇਹ ਲਾਜ਼ਮੀ ਹੈ ਕਿ ਉਹ ਅਸੰਭਵ ਸ਼ਬਦ ਦਾ ਪਹਿਲ ਦੇ ਆਧਾਰ ਤੇ ਤਿਆਗ ਕਰ ਦੇਣ। ਵਿਦਿਆਰਥੀ ਅਤੇ ਵਿੱਦਿਆ, ਫੇਰ ਵਿੱਦਿਆ ਅਤੇ ਵਿੱਦਿਅਕ ਸੰਸਥਾਵਾਂ ਦਾ ਨਹੁੰ ਮਾਸ ਦਾ ਰਿਸ਼ਤਾ ਹੈ।ਅੱਖਰ ਗਿਆਨ ਲਈ ਵਿਦਿਆਰਥੀ ਦਾ ਸਕੂਲ ਵਿੱਚ ਜਾਣਾ ਬਹੁਤ ਜਰੂਰੀ ਹੈ। ਪ੍ਰਾਇਮਰੀ ਪੱਧਰ ਤੇ ਵਿਦਿਆਰਥੀਆਂ ਨੂੰ ਇਹ ਗੁਣ ਅਖਤਿਆਰ ਕਰਨਾ ਅਤਿ ਲਾਜ਼ਮੀ ਹੈ ਕਿ ਉਨ੍ਹਾਂ ਨੇ ਅਸੰਭਵ ਸ਼ਬਦ ਨੂੰ ਆਪਣੇ ਨੇੜੇ ਨਹੀਂ ਢੁੱਕਣ ਦੇਣਾ।ਮਿਡਲ ਪੱਧਰ( ਛੇਵੀਂ ਤੋਂ ਅੱਠਵੀਂ) ਤੱਕ ਪਹੁੰਚ ਕੇ ਚੜ੍ਹਦੀ ਕਲਾ ਅਤੇ ਸਕਾਰਾਤਮਕ ਸੋਚ ਨਾਲ ਉਹ ਵਿੱਦਿਆ, ਖੇਡਾਂ ,ਸੰਗੀਤ ਕਲਾ ਆਦਿ ਖੇਤਰਾਂ ਵਿੱਚ ਮੱਲਾਂ ਮਾਰ ਸਕਦੇ ਹਨ। ਵੱਡੀਆਂ ਜਮਾਤਾਂ (ਨੌਵੀਂ ਤੋਂ ਬਾਰ੍ਹਵੀਂ) ਤੱਕ ਪਹੁੰਚਦੇ-ਪਹੁੰਚਦੇ ਉਨ੍ਹਾਂ ਅੰਦਰ ਬਹੁਤ ਸਾਰੀਆਂ ਤਬਦੀਲੀਆਂ ਆਉਂਦੀਆਂ ਹਨ। ਜਿੱਥੇ ਇਹ ਸਮਾਂ ਉਨ੍ਹਾਂ ਦੇ ਸਰੀਰਕ ਵਿਕਾਸ ਦਾ ਹੁੰਦਾ ਹੈ ,ਉੱਥੇ ਮਾਨਸਿਕ ਅਤੇ ਭਾਵਨਾਤਮਕ ਤੌਰ ਤੇ ਹੋ ਰਹੇ ਬਦਲਾਅ, ਉਨ੍ਹਾਂ ਅੰਦਰ ਇੱਕ ਤਰਾਂ ਨਾਲ ਖੌਰੂ ਹੀ ਪਾ ਦਿੰਦੇ ਹਨ। ਇਸ ਮੌਕੇ ਉਨ੍ਹਾਂ ਨੂੰ ਯੋਗ ਅਗਵਾਈ ਦੀ ਬਹੁਤ ਲੋੜ ਹੁੰਦੀ ਹੈ।ਜੇਕਰ ਮਾਪੇ ਅਤੇ ਅਧਿਆਪਕ ਉਨ੍ਹਾਂ ਦੀ ਯੋਗ ਰਹਿਨੁਮਾਈ ਕਰਨ ਤਾਂ ਉਹ ਵਿਦਿਆਰਥੀ ਰੌਸ਼ਨ ਚਮਕਦੇ ਸਿਤਾਰੇ ਬਣ ਸਕਦੇ ਹਨ। ਵਿਦਿਆਰਥੀ ਜੇਕਰ ਥੋੜ੍ਹੇ ਜਿਹੇ ਠਰ੍ਹੰਮੇ ਤੋਂ ਕੰਮ ਲੈਣ ਤਾਂ ਉਨ੍ਹਾਂ ਦੀ ਸਾਰੀ ਜ਼ਿੰਦਗੀ

ਨਿਊਜਾਰਕ
ਪ੍ਰੀਤਨਾਮਾ
ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ ਖਰਾ ਸੱਚ
ਸੁਰਿੰਦਰ ਪਾਲ ਕੌਰ ਧਨੌਲਾ
ਸੰਪਰਕ:- 7009715355

ਸਫ਼ਲਤਾ ਭਰਪੂਰ ਹੋ ਸਕਦੀ ਹੈ ।ਉਨ੍ਹਾਂ ਨੂੰ ਜਦੋਂ ਵੀ ਪੜ੍ਹਾਈ ਜਾਂ ਨੈਤਿਕ ਮੁੱਲਾਂ ਨੂੰ ਅਪਨਾਉਣ ਲਈ ਸਿੱਖਿਆ ਦਿੱਤੀ ਜਾਂਦੀ ਹੈ ਤਾਂ ਅਕਸਰ ਉਹ ਅਕੇਵਾਂ ਮਹਿਸੂਸ ਕਰਨ ਲੱਗਦੇ ਹਨ।ਪ੍ਰੰਤੂ ਇਹ ਚਾਹੀਦਾ ਹੈ ਕਿ ਉਹ ਇਹ ਗੱਲ ਹਮੇਸ਼ਾਂ ਆਪਣੇ ਅੰਦਰ ਵਸਾ ਕੇ ਰੱਖਣ ਕਿ ਲੰਘਿਆ ਵੇਲਾ ਕਦੇ ਵੀ ਵਾਪਸ ਨਹੀਂ ਆ ਸਕਦਾ। ਇਸ ਕਰਕੇ ਵਰਤਮਾਨ ਸਮਾਂ ਉਨ੍ਹਾਂ ਦਾ ਕੀਮਤੀ ਸਮਾਂ ਹੈ ।ਇਹ ਠੀਕ ਹੈ ਕਿ ਵਿਦਿਆਰਥੀ ਜੀਵਨ ਦੀਆਂ ਮੌਜਾਂ ਵੀ ਦੁਬਾਰਾ ਨਹੀਂ ਮਿਲਦੀਆਂ। ਪ੍ਰੰਤੂ ਜੇਕਰ ਅਸੀਂ ਮਹਾਨ ਯੋਧੇ ਅਰਜਨ ਵਾਂਗ ਆਪਣਾ ਧਿਆਨ ਆਪਣੇ ਉਦੇਸ਼ ਤੇ ਹੀ ਕੇਂਦਰਤ ਕਰੀਏ ਤਾਂ ਸਾਨੂੰ ਕਾਫੀ ਚੀਜ਼ਾਂ ਫਜ਼ੂਲ ਜਾਪਣ ਲੱਗਣਗੀਆਂ। ਇੱਥੋਂ ਹੀ ਸ਼ਬਦ 'ਅਸੰਭਵ' ਦੇ ਤਿਆਗ ਦੀ ਭਾਵਨਾ ਉਪਜੇਗੀ। ਜੇਕਰ ਅਸੀਂ ਇਹ ਦ੍ਰਿੜ੍ਹ ਇਰਾਦਾ ਕਰ ਲਈਏ ਕਿ ਅਸੰਭਵ ਸ਼ਬਦ ਸਾਡੇ ਲਈ ਨਹੀਂ ਬਣਿਆ, ਤਾਂ ਅਸੀਂ ਹਰੇਕ ਖੇਤਰ ਵਿੱਚ ਕਾਮਯਾਬੀ ਪ੍ਰਾਪਤ ਕਰ ਸਕਾਂਗੇ। ਫਿਰ ਸਾਨੂੰ ਕੋਈ ਵੀ ਵਿਸ਼ਾ ਔਖਾ ਨਹੀਂ ਲੱਗੇਗਾ।ਜਿਸ ਤਰਾਂ ਮਿਸਤਰੀ ਲੱਕੜੀ ਤੋਂ ਵਾਧੂ ਦੀਆਂ ਛਿਲਤਰਾਂ ਨੂੰ ਰੰਦੇ ਨਾਲ ਸਾਫ ਕਰਦਾ ਹੈ, ਉਵੇਂ ਹੀ ਸਾਨੂੰ ਅਸੰਭਵ, ਔਖਾ, ਮੁਸ਼ਕਿਲ ਆਦਿ ਸ਼ਬਦਾਂ ਨੂੰ ਰੰਦ ਕੇ ਜੀਵਨ ਨੂੰ ਸਾਵਾਂ ਅਤੇ ਪੱਧਰਾ ਕਰਨਾ ਆਉਣਾ ਚਾਹੀਦਾ ਹੈ । ਸੋ ਪਿਆਰੇ ਬੱਚਿਓ ! ਯਾਦ ਰੱਖੋ ਕਿ ਇਹ ਸਾਡਾ ਸਮੁੱਚਾ ਸਮਾਜ ਤੁਹਾਡੇ ਤੇ ਟੇਕ ਰੱਖਦਾ ਹੈ।ਤੁਸੀਂ ਹੀ ਭਵਿੱਖ ਵਿੱਚ ਦੇਸ ਅਤੇ ਸਮਾਜ ਨੂੰ ਤਰੱਕੀ ਦੇ ਰਾਹ ਤੋਰਨਾ ਹੈ। ਇਸ ਲਈ ਅੱਜ ਤੋਂ ਹੀ ਅਸੰਭਵ ਸ਼ਬਦ ਨੂੰ ਸਦਾ-ਸਦਾ ਲਈ ਤਿਲਾਂਜਲੀ ਦੇ ਕੇ ਆਪਣੀਆਂ ਵਿੱਦਿਅਕ, ਨੈਤਿਕ ਅਤੇ ਸਾਹਿਤਕ ਰੁਚੀਆਂ ਪ੍ਰਤੀ ਕੇਂਦਰਤ ਹੋ ਜਾਵੋ।ਸਮੁੱਚਾ ਦੇਸ਼ ਤੁਹਾਡੇ ਰੌਸ਼ਨ ਕਦਮਾਂ ਨੂੰ

# ਇਮਤਿਹਾਨਾਂ ਸਮੇਂ ਮਾਪੇ ਬੱਚਿਆਂ ਦੇ ਸਹਿਯੋਗੀ ਬਣਨ

ਬੱਚਿਆਂ ਦੇ ਭਵਿੱਖ ਦੀ ਨੀਂਹ ਉਸਾਰਨ ਵਿੱਚ ਮਾਪਿਆਂ ਦੀ ਅਹਿਮ ਭੂਮਿਕਾ ਹੁੰਦੀ ਹੈ। ਮਾਪਿਆਂ ਨੂੰ ਬੱਚੇ ਦੇ ਪਹਿਲਾ ਅਧਿਆਪਕ ਵੀ ਮੰਨ ਲਿਆ ਜਾਏ ਤਾਂ ਇਸ ਵਿੱਚ ਕੋਈ ਅਤਿਕਥਨੀ ਨਹੀਂ ਹੋਵੇਗੀ ਕਿਉਂ ਕਿ ਬੱਚਾ ਆਪਣੇ ਮਾਪਿਆਂ ਤੋਂ ਕੁਦਰਤੀ ਤੌਰ ਤੇ ਤਾਂ ਬਹੁਤ ਕੁਝ ਸਿੱਖਦਾ ਹੀ ਹੈ ਪਰ ਨਾਲ ? ਦੀ ਨਾਲ ? ਮਾਪਿਆਂ ਦੁਆਰਾ ਦਿੱਤੀਆਂ ਸਿੱਖਿਆਵਾਂ ਅਤੇ ਉਹਨਾਂ ਦੇ ਆਚਾਰ ਵਿਹਾਰ ਤੋਂ ਵੀ ਬਹੁਤ ਕੁਝ ਸਿੱਖਦਾ ਹੈ। ਜਦੋਂ ਬੱਚਿਆਂ ਦਾ ਸਕੂਲੀ ਦੌਰ ਸ਼ੁਰੂ ਹੁੰਦਾ ਹੈ ਤਾਂ ਉਸ ਉੱਪਰ ਆਪਣੇ ਸਾਥੀ ਵਿਦਿਆਰਥੀਆਂ ਅਤੇ ਅਧਿਆਪਕਾਂ ਦਾ ਪ੍ਰਭਾਵ ਪੈਣਾ ਸ਼ੁਰੂ ਹੁੰਦਾ ਹੈ। ਛੋਟੀਆਂ ਜਮਾਤਾਂ ਵਿੱਚ ਬੱਚੇ ਆਪਣੇ ਅਧਿਆਪਕ ਉੱਤੇ ਐਨਾ ਵਿਸ਼ਵਾਸ ਜਤਾਉਂਦੇ ਹਨ ਕਿ ਉਹ ਉਸ ਦੀ ਹਰ ਗੱਲ ਮਾਪਿਆਂ ਨਾਲ ? ਸਾਂਝੀ ਕਰਦੇ ਹਨ ,ਉਸ ਸਮੇਂ ਮਾਪੇ ਬੱਚਿਆਂ ਦੀ ਹਰ ਗੱਲ ਧਿਆਨ ਨਾਲ ਸੁਣਦੇ ਵੀ ਹਨ ਤੇ ਉਸ ਦਾ ਸਕੂਲ ਵਿੱਚ ਹੋਣ ਵਾਲੇ ਛੋਟੇ ਤੋਂ ਛੋਟੇ ਕਾਰਜ ਵਿੱਚ ਜਾਂ ਐਕਟਿਵਿਟੀ ਵਿੱਚ ਦਿਲਚਸਪੀ ਦਿਖਾਉਂਦੇ ਹਨ ਤੇ ਵਧ ਚੜ੍ਹ ਕੇ ਸਾਥ ਦਿੰਦੇ ਹਨ। ਪਰ ਜਿਵੇਂ ਜਿਵੇਂ ਬੱਚੇ ਵੱਡੀ ਹੁੰਦੇ ਜਾਂਦੇ ਹਨ ਤਾਂ ਉਹ ਆਪਣੇ ਸਾਥੀਆਂ, ਅਧਿਆਪਕਾਂ ਅਤੇ ਪੜ੍ਹਾਈ ਬਾਰੇ ਬਹੁਤੀਆਂ ਗੱਲਾਂ ਸਾਂਝੀਆਂ ਕਰਨ ਤੋਂ ਸੰਕੋਚ ਕਰਦੇ ਹਨ ਤੇ ਮਾਪਿਆਂ ਦੀ ਦਿਲਚਸਪੀ ਵੀ ਘਟ ਜਾਂਦੀ ਹੈ ਤੇ ਉਹ ਪੂਰੀ ਜ਼ਿੰਮੇਵਾਰੀ ਅਧਿਆਪਕਾਂ ਦੀ ਹੀ ਸਮਝਦੇ ਹਨ। ਜਦ ਕਿ ਅਜਿਹੇ ਮੌਕੇ ਮਾਪਿਆਂ ਨੂੰ ਆਪਣੇ ਬੱਚਿਆਂ ਅਤੇ ਉਹਨਾਂ ਦੀ ਪੜ੍ਹਾਈ ਪ੍ਰਤੀ ਜ਼ਿਆਦਾ ਸੁਚੇਤ ਹੋਣ ਦੀ ਲੋੜ ਹੁੰਦੀ ਹੈ। ਮਾਪਿਆਂ ਅਤੇ ਬੱਚਿਆਂ ਵਿੱਚ ਵੈਸੇ ਤਾਂ ਹਰ ਮੌਕੇ ਆਪਸੀ ਤਾਲਮੇਲ ਹੋਣਾ ਬਹੁਤ ਜ਼ਰੂਰੀ ਹੈ। ਮਾਪਿਆਂ ਕੋਲ ਜ਼ਿੰਦਗੀ ਦੇ ਤਜ਼ਰਬੇ ਹੋਣ ਦੇ ਨਾਲ ਨਾਲ ਆਪਣੇ ਬੱਚਿਆਂ ਦੇ ਚੰਗੇ ਭਵਿੱਖ ਲਈ ਯੋਜਨਾਵਾਂ ਹੁੰਦੀਆਂ ਹਨ।

ਅੱਜ ਦੀ ਭੱਜ ਦੌੜ ਦੀ ਜ਼ਿੰਦਗੀ ਵਿੱਚ ਮਾਪਿਆਂ ਕੋਲ ਬੱਚਿਆਂ ਨੂੰ ਦੇਣ ਲਈ ਪੈਸਾ,ਸੁੱਖ ਸਹੂਲਤਾਂ ਤਾਂ ਹਨ ਪਰ ਸਮਾਂ ਨਹੀਂ ਹੈ ਜਦ ਕਿ ਬੱਚੇ ਸਾਰੀਆਂ ਸੁੱਖ ਸਹੂਲਤਾਂ ਹੋਣ ਦੇ ਬਾਵਜੂਦ ਭਾਰੀ ਸਿਲੇਬਸਾਂ ਦੇ ਬੋਝ ਕਾਰਨ ਥੱਕੇ ਥੱਕੇ ਜਾਪਦੇ ਹਨ। ਇਮਤਿਹਾਨਾਂ ਦੇ ਨੇੜੇ ਆਉਂਦੇ ਹੀ ਅਧਿਆਪਕਾਂ ਵੱਲੋਂ ਬੱਚਿਆਂ ਨੂੰ ਵੱਧ ਅੰਕ ਲੈਣ ਲਈ ਪ੍ਰੇਰਿਤ ਕਰਦੇ ਕਰਦੇ ਦਬਾਅ ਬਣਾਇਆ ਜਾਣ ਲੱਗਦਾ। ਸਕੂਲ ਪ੍ਰਸ਼ਾਸਨ ਅਤੇ ਅਧਿਆਪਕਾਂ ਵੱਲੋਂ ਮਾਪਿਆਂ ਨੂੰ ਸਮੇਂ ਸਮੇਂ ਤੇ ਬੱਚਿਆਂ ਦੀ ਰਿਪੋਰਟ ਤੋਂ ਜਾਣੂ ਕਰਵਾ ਕੇ ਪਹਿਲਾਂ ਹੀ ਬੱਚੇ ਦੀ ਪੜ੍ਹਾਈ ਦੀ ਸਥਿਤੀ ਸਾਫ਼ ਕਰ ਦਿੱਤੀ ਜਾਂਦੀ ਹੈ। ਸਪਸ਼ਟ ਜਿਹੇ ਸ਼ਬਦਾਂ ਵਿੱਚ ਸਕੂਲਾਂ ਵਾਲਿਆਂ ਵੱਲੋਂ ਆਪਣਾ ਪੱਲਾ ਝਾੜ ਲਿਆ ਜਾਂਦਾ ਹੈ ਜਾਂ ਫਿਰ ਆਪਣਾ ਅੱਧਾ ਬੋਝ ਵੰਡਾ ਲਿਆ ਜਾਂਦਾ ਹੈ। ਇਮਤਿਹਾਨਾਂ ਤੋਂ ਪਹਿਲਾਂ ਅਧਿਆਪਕਾਂ ਵੱਲੋਂ ਜ਼ਿਆਦਾ ਤੇਜ਼ੀ ਨਾਲ ਸਮੇਂ ਸਮੇਂ ਤੇ ਵਾਰ ਵਾਰ ਮਾਪਿਆਂ ਨੂੰ ਬੱਚੇ ਦੀ ਕਾਰਗੁਜ਼ਾਰੀ ਬਾਰੇ ਜਾਣੂ ਕਰਵਾਇਆ ਜਾਣ ਲੱਗਦਾ ਹੈ। ਸਕੂਲ ਪ੍ਰਸ਼ਾਸਨ ਨੂੰ ਆਪਣੇ ਸਕੂਲ ਦੀ ਕਾਰਗੁਜ਼ਾਰੀ ਦਾ, ਅਧਿਆਪਕਾਂ ਨੇ ਆਪਣੀ ਮਿਹਨਤ ਦਾ ਸਿੱਟਾ ਬੱਚਿਆਂ ਵੱਲੋਂ ਪ੍ਰਾਪਤ ਕੀਤੇ ਅੰਕਾਂ ਦੇ ਅਧਾਰ ਤੇ ਹੀ ਪ੍ਰਾਪਤ ਕਰਨਾ ਹੁੰਦਾ ਹੈ। ਅਜਿਹਾ ਕਰਕੇ ਉਹ ਆਪਣੀ ਸਥਿਤੀ ਸਪਸ਼ਟ ਕਰਕੇ ਸੁਰਖ਼ਰੂ ਹੋ ਜਾਂਦੇ ਹਨ ਤਾਂ ਜੋ ਮਾਪੇ ਸਕੂਲ ਪ੍ਰਸ਼ਾਸਨ ਤੇ ਕੋਈ ਉਂਗਲ ਨਾ ਚੁੱਕ ਸਕਣ। ਇਮਤਿਹਾਨ ਨੇੜੇ ਆਉਣ ਨਾਲ ਇਹਨਾਂ ਸਾਰੀਆਂ ਗੱਲਾਂ ਦਾ ਬੱਚਿਆਂ ਉੱਤੇ ਮਾਨਸਿਕ ਤੌਰ ਤੇ ਦਬਾਅ ਬਣਦਾ ਹੈ ਜਦ ਕਿ ਇਹ ਉਹ ਸਮਾਂ ਹੁੰਦਾ ਹੈ ਜਦ ਬੱਚਿਆਂ ਨੂੰ ਮਾਨਸਿਕ ਦਬਾਅ ਹੇਠ ਆਉਣ ਤੋਂ ਬਚਾਇਆ ਜਾਵੇ। ਅਜਿਹੇ ਸਮੇਂ ਵਿੱਚ ਮਾਪਿਆਂ ਦੀ ਭੂਮਿਕਾ ਬਹੁਤ ਅਹਿਮ ਹੁੰਦੀ ਹੈ। ਮਾਪੇ ਚਾਹੇ ਕੰਮਕਾਜੀ ਹੋਣ ਜਾਂ ਘਰੇਲੂ ਪਰ ਇਸ ਸਮੇਂ ਉਹਨਾਂ ਦੀ ਬੱਚਿਆਂ ਨੂੰ ਬਹੁਤ ਜ਼ਰੂਰਤ ਹੁੰਦੀ ਹੈ। ਬੱਚਿਆਂ ਨੂੰ ਮਾਪੇ ਇੱਕ ਗੱਲ ਤਾਂ ਤੁਰੇ ਫਿਰਦੇ ਵੀ ਆਖ ਦਿੰਦੇ ਹਨ ÷ ਪੜ੍ਹ ਲੈ.... ਇਮਤਿਹਾਨ ਸਿਰ ਤੇ ਨੇ..... ਪੜ੍ਹ ਲਏਂਗਾ ਤਾਂ ਕੁਛ ਬਣ ਜਾਏਂਗਾ....÷ ਦਿਨ ਵਿੱਚ ਦੋ ਚਾਰ ਵਾਰ ਮਾਂ ਵੱਲੋਂ ਆਖ ਦੇਣਾ ਤੇ ਹਫ਼ਤੇ ਦਸ ਦਿਨ ਬਾਅਦ ਪਿਤਾ ਵੱਲੋਂ ਕਹਿਕੇ ਆਪਣੀ ਜ਼ਿੰਮੇਵਾਰੀ ਨਿਪਟਾ ਲਈ ਜਾਂਦੀ ਹੈ ਜਾਂ ਫਿਰ ਕੋਈ ਡਰਾਵਾ ਦੇ ਕੇ ਬੱਚੇ ਅੰਦਰ ਡਰ ਪੈਦਾ ਕਰ ਦਿੱਤਾ ਜਾਂਦਾ ਹੈ। ਬੱਚਾ ਸਕੂਲ ਤੋਂ ਘਰ ਫਿਰ ਘਰ ਤੋਂ ਟਿਊਸ਼ਨ ਤੇ ਟਿਊਸ਼ਨ ਤੋਂ ਘਰ ਵਾਪਸ ਪਰਤਣ ਤੱਕ ਮਾਪਿਆਂ ਦੀ ਜ਼ਿੰਮੇਵਾਰੀ ਨਿੱਬੜ ਜਾਂਦੀ ਹੈ ਜਦ ਕਿ ਜਿਹੜੀਆਂ ਗੱਲਾਂ ਵਿੱਚ ਬੱਚੇ ਨੂੰ ਮਾਪਿਆਂ ਦੀ ਲੋੜ ਹੁੰਦੀ ਹੈ ਉਹਨਾਂ ਨੂੰ ਅੱਖੋਂ ਪਰੋਖੇ ਕਰ ਦਿੱਤਾ ਜਾਂਦਾ ਹੈ।

ਨਿਊਜ਼ਾਰਕ ਪ੍ਰੀਤਨਾਮਾ
ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ ਖਰਾ ਸੱਚ
ਬਰਜਿੰਦਰ ਕੌਰ ਬਿਸਰਾਓ...
9988901324

ਇਮਤਿਹਾਨਾਂ ਦੇ ਨੇੜੇ ਆਉਂਦੇ ਹੀ ਮਾਪਿਆਂ ਨੂੰ ਬੱਚਿਆਂ ਪ੍ਰਤੀ ਸੁਹਿਰਦਤਾ ਦਾ ਰਵੱਈਆ ਅਪਣਾਉਂਦੇ ਹੋਏ ਉਸ ਨਾਲ ਹਲਕੇ ਮਾਹੌਲ ਵਿੱਚ ਗੱਲ ਬਾਤ ਕਰਨੀ ਚਾਹੀਦੀ ਹੈ। ਉਸ ਦੀਆਂ ਸਮੱਸਿਆਵਾਂ ਨੂੰ ਟੋਹਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ,ਬੱਚਾ ਪੜ੍ਹਾਈ ਪ੍ਰਤੀ ਕਿਸ ਤਰ੍ਹਾਂ ਦੀ ਮਾਨਸਿਕਤਾ ਲੈ ਕੇ ਚੱਲ ਰਿਹਾ ਹੈ ,ਉਹ ਆਪਣੇ ਭਵਿੱਖ ਪ੍ਰਤੀ ਸੰਜੀਦਾ ਹੈ ਕਿ ਨਹੀਂ ,ਜੇ ਉਸ ਦੇ ਵੱਧ ਅੰਕ ਆਉਂਦੇ ਹਨ ਤਾਂ ਉਹ ਕੀ ਕਰਨ ਬਾਰੇ ਸੋਚਦਾ ਹੈ ਜਾਂ ਘੱਟ ਅੰਕ ਆਉਣ ਤੇ ਉਹ ਕਿਤੇ ਨਿਰਾਸ਼ ਹੋ ਕੇ ਕੁਛ ਗ਼ਲਤ ਕਦਮ ਤਾਂ ਨਹੀਂ ਉਠਾਉਣ ਬਾਰੇ ਸੋਚ ਰਿਹਾ। ਬੱਚੇ ਦੇ ਦਿਮਾਗ਼ ਦੀ ਐਨੀ ਪੜ੍ਹਾਈ ਕਰਨੀ ਮਾਪਿਆਂ ਲਈ ਬਹੁਤ ਜ਼ਰੂਰੀ ਹੁੰਦੀ ਹੈ । ਇਮਤਿਹਾਨਾਂ ਸਮੇਂ ਮਾਪਿਆਂ ਵੱਲੋਂ ਆਪਣੇ ਬੱਚਿਆਂ ਪ੍ਰਤੀ ਕਦੇ ਵੀ ਤਾਨਾਸ਼ਾਹੀ ਰਵੱਈਆ ਨਹੀਂ ਅਪਣਾਇਆ ਜਾਣਾ ਚਾਹੀਦਾ। ਮਾਪਿਆਂ ਵੱਲੋਂ ਬੱਚੇ ਅੰਦਰ ਕਦੇ ਵੀ ਕਿਸੇ ਹੋਰ ਬੱਚੇ ਨਾਲੋਂ ਜ਼ਿਆਦਾ ਅੰਕ ਲੈਣ ਲਈ ਪੱਕਾ ਨਾ ਕੀਤਾ ਜਾਵੇ,ਰੱਬ ਨਾ ਕਰੇ ਜੇ ਕਿਤੇ ਉਸ ਬੱਚੇ ਨਾਲੋਂ ਅੰਕ ਘੱਟ ਆ ਜਾਣ ਤਾਂ ਇਹੋ ਜਿਹੀਆਂ ਗੱਲਾਂ ਦੇ ਘਾਤਕ ਨਤੀਜੇ ਨਿਕਲ ਸਕਦੇ ਹਨ। ਬਾਹਰਲੇ ਮੁਲਕਾਂ ਵਿੱਚ ਪੜ੍ਹਾਈ ਦੇ ਮੁੱਦੇ ਤੇ ਬੱਚੇ, ਅਧਿਆਪਕ ਅਤੇ ਮਾਪੇ ਇਹਨਾਂ ਚਿੰਤਾਵਾਂ ਤੋਂ ਸੁਰਖ਼ਰੂ ਹੁੰਦੇ ਹਨ ਕਿਉਂ ਕਿ ਬੱਚੇ ਦੀ ਰੁਚੀ ਮੁਤਾਬਕ ਉਹਨਾਂ ਨੂੰ ਉਸੇ ਖੇਤਰ ਵਿੱਚ ਭੇਜ ਦਿੱਤਾ ਜਾਂਦਾ ਹੈ ਪਰ ਸਾਡੇ ਭਾਰਤੀ ਬੱਚਿਆਂ ਦੇ ਮਾਪੇ ਆਪਣੀ ਰੁਚੀ ਦੀ ਪੜ੍ਹਾਈ ਆਪਣੇ ਬੱਚੇ ਤੋਂ ਕਰਵਾਉਣ ਦੇ ਇਛੁੱਕ ਹੁੰਦੇ ਹਨ । ਇਹ ਵੀ ਵੇਖਣ ਵਿੱਚ ਆਇਆ ਹੈ ਕਿ ਕਈ ਮਾਪਿਆਂ ਦੀ ਆਪਣੀ ਪੜ੍ਹਾਈ ਦੀ ਇੱਛਾ ਪੂਰੀ ਨਾ ਹੋਣ ਕਰਕੇ ,ਉਹ ਆਪਣੇ ਬੱਚੇ ਤੋਂ ਆਪਣਾ ਸੁਪਨਾ ਸਾਕਾਰ ਕਰਨਾ ਚਾਹੁੰਦੇ ਹਨ ਚਾਹੇ ਬੱਚੇ ਦੀ ਉਸ ਵਿੱਚ ਕੋਈ ਰੁਚੀ ਨਾ ਹੋਵੇ। ਮਾਪੇ ਚਾਹੇ ਦੋਵੇਂ ਮਾਤਾ ਅਤੇ ਪਿਤਾ ਕੰਮਕਾਜੀ ਹੋਣ ਜਾਂ ਘੱਟ ਪੜ੍ਹੇ ਹੋਣ ਜਾਂ ਜ਼ਿਆਦਾ ਪੜ੍ਹੇ ਹੋਣ ਉਹਨਾਂ ਨੂੰ ਹਰ ਸਮੇਂ ਆਪਣੇ ਬੱਚੇ ਦੇ ਬੌਸ ਦੀ ਭੂਮਿਕਾ ਵਿੱਚ ਨਹੀਂ ਰਹਿਣਾ ਚਾਹੀਦਾ ਸਗੋਂ ਸਿਰਫ਼ ਇੱਕ ਚੰਗੇ ਮਾਪੇ ਬਣਨਾ ਚਾਹੀਦਾ ਹੈ । ਜਦ ਬੱਚੇ ਨੂੰ ਕੋਈ ਸਮੱਸਿਆ ਆਵੇ ਤਾਂ ਉਹ ਇੱਕ ਦੋਸਤ ਵਾਂਗ ਆਪਣੇ ਮਾਪਿਆਂ ਨੂੰ ਬਿਨਾਂ ਝਿਜਕੇ ਦੱਸ ਸਕੇ। ਸਿਰਫ਼ ਨਾਮੀ ਸਕੂਲ ਵਿੱਚ ਦਾਖਲਾ ਦਿਵਾਉਣਾ, ਸਕੂਲਾਂ ਦੀਆਂ ਮੋਟੀਆਂ ਫੀਸਾਂ ਭਰਨੀਆਂ, ਵਧੀਆ ਵਰਦੀਆਂ ਖਰੀਦ ਕੇ ਦੇਣੀਆਂ ਤੇ ਮਹਿੰਗੀਆਂ ਟਿਊਸ਼ਨਾਂ ਤੇ ਭੇਜਣਾ ਹੀ ਮਾਪਿਆਂ ਦੀ ਜ਼ਿੰਮੇਵਾਰੀ ਨਹੀਂ ਹੁੰਦੀ। ਜੋ ਅਧਿਆਪਕਾਂ ਵੱਲੋਂ ਸਕੂਲ ਵਿੱਚ ਪੜ੍ਹਾਇਆ ਜਾਂਦਾ ਹੈ ਕੀ ਬੱਚਾ ਉਹ ਨਾਲ ਦੀ ਨਾਲ ਕਰ ਰਿਹਾ ਹੈ,ਉਹ ਜਮਾਤ ਟੈਸਟਾਂ ਵਿੱਚ ਕੁਝ ਕਰ ਰਿਹਾ ਹੈ ਜਾਂ ਨਹੀਂ, ਉਹ ਆਪਣਾ ਬਸਤਾ ਕਿਸ ਤਰੀਕੇ ਨਾਲ ਸੰਭਾਲਦਾ ਹੈ , ਮਾਪਿਆਂ ਨੂੰ ਜ਼ਰੂਰ ਪਤਾ ਹੋਣਾ ਚਾਹੀਦਾ ਹੈ। ਕਦੇ ਕਦੇ ਬੱਚੇ ਦੀ ਗੈਰਹਾਜ਼ਰੀ ਵਿੱਚ ਉਸ ਦੇ ਸਕੂਲ ਬੈਗ ਦੀ ਤਲਾਸ਼ੀ ਵੀ ਲੈ ਲੈਣੀ ਚਾਹੀਦੀ ਹੈ। ਇਹਨਾਂ ਨਿੱਕੀਆਂ ਨਿੱਕੀਆਂ ਗੱਲਾਂ ਤੋਂ ਉਸ ਦੀਆਂ ਰੁਚੀਆਂ ਦਾ ਪਤਾ ਲੱਗ ਜਾਂਦਾ ਹੈ। ਖ਼ਾਸ ਕਰਕੇ ਇਮਤਿਹਾਨਾਂ ਸਮੇਂ ਮਾਪਿਆਂ ਵੱਲੋਂ ਬੱਚਿਆਂ ਨੂੰ ਚੰਗਾ ਪੜ੍ਹਨ ਲਈ ਪਿਆਰ ਨਾਲ ਪ੍ਰੇਰਿਤ ਕੀਤਾ ਜਾਵੇ, ਗੱਲਾਂ ਗੱਲਾਂ ਵਿੱਚ ਉੱਘੀਆਂ ਸਖਸ਼ੀਅਤਾਂ ਦੀਆਂ ਘਾਲਣਾਵਾਂ ਰਾਹੀਂ ਉਹਨਾਂ ਅੰਦਰ ਜਗਿਆਸੂ ਬਿਰਤੀ ਵੀ ਪੈਦਾ ਕੀਤੀ ਜਾਣੀ ਚਾਹੀਦੀ ਹੈ। ਸਮੇਂ ਸਮੇਂ ਤੇ ਬੱਚਿਆਂ ਦਾ ਹੌਸਲਾ ਵਧਾਇਆ ਜਾਵੇ। ਗੱਲ ਗੱਲ ਤੇ 'ਨਲਾਇਕ' ਜਾਂ ÷ਤੈਨੂੰ ਕੁਛ ਨੀ ਆਉਂਦਾ÷ ਵਰਗੇ ਸ਼ਬਦ ਵਰਤ ਕੇ ਉਸ ਨੂੰ ਨੀਵਾਂ ਦਿਖਾਉਣ ਦੀ ਬਜਾਏ ਉਸ ਨੂੰ ਛੋਟੀ ਜਿਹੀ ਪ੍ਰਾਪਤੀ ਤੇ ਵਡਿਆ ਕੇ ਉਸ ਦਾ ਹੌਸਲਾ ਵਧਾਇਆ ਜਾਵੇ। ਮਾਪਿਆਂ ਨੂੰ ਆਪਣੇ ਬੱਚੇ ਦੀ ਦਿਲਚਸਪੀ ਜਾਂ ਦਿਮਾਗ਼ੀ ਸਮਰੱਥਾ ਮੁਤਾਬਕ ਹੀ ਉਸ ਤੋਂ ਆਸ ਰੱਖਣੀ ਚਾਹੀਦੀ ਹੈ। ਇਸ ਤਰ੍ਹਾਂ ਛੋਟੀਆਂ ਛੋਟੀਆਂ ਗੱਲਾਂ ਦਾ ਧਿਆਨ ਰੱਖਣ ਨਾਲ ਮਾਪੇ ਆਪਣੇ ਬੱਚਿਆਂ ਦਾ ਭਵਿੱਖ ਸੰਵਾਰਨ ਵਿੱਚ ਅਹਿਮ ਭੂਮਿਕਾ ਨਿਭਾ ਸਕਦੇ ਹਨ।

# ਨੈਤਿਕ ਮੁੱਲਾਂ ਦਾ ਘਾਣ ਸਮਾਜ ਲਈ ਇੱਕ ਵੱਧਦੀ ਚਿੰਤਾ

ਪਿਛਲੇ ਕੁੱਝ ਸਾਲਾਂ ਵਿੱਚ ਸਮਾਜ ਦੇ ਵੱਖ-ਵੱਖ ਖੇਤਰਾਂ ਵਿੱਚ ਇੱਕ ਚਿੰਤਾਜਨਕ ਰੁਝਾਨ ਉਭਰ ਕੇ ਸਾਹਮਣੇ ਆਇਆ ਹੈ ਉਹ ਹੈ ਨੈਤਿਕ ਮੁੱਲਾਂ ਦੀ ਘਾਟ। ਧੋਖਾਧੜੀ ਅਤੇ ਭ੍ਰਿਸ਼ਟਾਚਾਰ ਦੇ ਵਧਦੇ ਮਾਮਲਿਆਂ ਤੋਂ ਲੈ ਕੇ ਅਸਹਿਣਸ਼ੀਲਤਾ ਅਤੇ ਵੰਡਵਾਰੇ ਦੇ ਵੱਧਦੇ ਪੱਧਰਾਂ ਤੱਕ, ਬਹੁਤ ਸਾਰੇ ਵੇਖਣ ਵਾਲੇ ਇਸ ਬਦਲਾਅ ਦੇ ਪ੍ਰਭਾਵਾਂ ਬਾਰੇ ਚਿੰਤਾ ਜਤਾਉਂਦੇ ਹਨ ਜੋ ਭਵਿੱਖ ਦੀ ਪੀੜ੍ਹੀ ਲਈ ਹੋ ਸਕਦੇ ਹਨ।

ਇੱਕ ਹਾਲੀਆ ਸਰਵੇਖਣ ਅਨੁਸਾਰ ਕਾਫੀ ਲੋਕ ਇਹ ਮੰਨਦੇ ਹਨ ਕਿ ਪਿਛਲੇ ਦੋ ਦਹਾਕਿਆਂ ਵਿੱਚ ਨੈਤਿਕ ਮੁੱਲਾਂ ਵਿੱਚ ਘਾਟ ਆਈ ਹੈ। ਜਵਾਬ ਦੇਣ ਵਾਲਿਆਂ ਨੇ ਇਸ ਰੁਝਾਨ ਦੇ ਕਾਰਨਾਂ ਵਿੱਚ ਵੱਖ-ਵੱਖ ਕਾਰਕਾਂ ਦੀ ਗਿਣਤੀ ਕੀਤੀ, ਜਿਵੇਂ ਕਿ ਸਮਾਜਿਕ ਮੀਡੀਆ ਦਾ ਪ੍ਰਭਾਵ, ਰਾਜਨੀਤਿਕ ਧਰੁਵੀਕਰਨ ਅਤੇ ਸਮੂਹਿਕ ਹਿੱਸੇਦਾਰੀ ਵਿੱਚ ਆਮ ਘਾਟ।



ਸਮਾਜਿਕ ਮੀਡੀਆ ਦੁਆਰਾ ਜਾਣਕਾਰੀ—ਸੱਚ ਅਤੇ ਝੂਠ ਦੇ ਤੇਜ਼ ਵਿਸਥਾਰ ਨੇ ਇੱਕ ਐਸੇ ਵਾਤਾਵਰਣ ਦਾ ਨਿਰਮਾਣ ਕੀਤਾ ਹੈ ਜਿੱਥੇ ਗਲਤ ਜਾਣਕਾਰੀ ਫੈਲਣਾ ਆਸਾਨ ਹੈ ਇਹ ਸਿਰਫ ਸਾਡੀ ਸੱਚਾਈ ਦੀ ਸਮਝ ਨੂੰ ਪ੍ਰਭਾਵਿਤ ਨਹੀਂ ਕਰਦਾ, ਸਗੋਂ ਸਾਡੇ ਨੈਤਿਕ ਢਾਂਚਿਆਂ ਅਤੇ ਇਕ ਦੂਜੇ ਨਾਲ ਸੰਬੰਧਿਤ ਹੋਣ ਦੇ ਤਰੀਕੇ ਨੂੰ ਵੀ ਪ੍ਰਭਾਵਿਤ ਕਰਦਾ ਹੈ। ਇੱਕ ਖੇਤਰ ਜਿੱਥੇ ਇਹ ਘਾਟ ਖਾਸ ਕਰਕੇ ਸਾਫ਼ ਹੈ ਉਹ ਹੈ ਜਨਤਾ ਦਾ ਭਰੋਸਾ। ਸੰਸਾਰ ਦੀ ਰਿਪੋਰਟ ਨੇ ਦਰਸਾਇਆ ਕਿ ਸੰਸਥਾਵਾਂ—ਸਰਕਾਰ, ਮੀਡੀਆ ਅਤੇ ਇੱਥੇ ਤੱਕ ਕਿ ਗੈਰ-ਲਾਭਕਾਰੀਆਂ ਤੇ ਭਰੋਸਾ ਘਟ ਗਿਆ ਹੈ, ਜਿਸ ਨਾਲ ਬਹੁਤ ਸਾਰੇ ਵਿਅਕਤੀ ਮਹਿਸੂਸ ਕਰਦੇ ਹਨ ਕਿ ਇਹ ਸੰਸਥਾਵਾਂ ਲੋਕਾਂ ਦੀ ਭਲਾਈ ਦੀ ਬਜਾਏ ਆਪਣੇ ਹੀ ਫ਼ਾਇਦਿਆਂ ਨੂੰ ਤਰਜ਼ੀਹ ਦਿੰਦੀਆਂ ਹਨ। ਇਸ ਭਰੋਸੇ ਦੀ ਘਾਟ ਨਿਰਾਸ਼ਾ, ਉਦਾਸੀ ਅਤੇ ਨਾਗਰਿਕ ਜੀਵਨ ਵਿੱਚ ਸ਼ਾਮਿਲ ਹੋਣ ਦੀ ਹਿੰਮਤ ਨੂੰ ਜਨਮ ਦੇ ਸਕਦੀ ਹੈ।

ਇਸ ਤੋਂ ਇਲਾਵਾ, ਵਿਅਕਤੀਗਤਤਾ ਦੇ ਵਧਦੇ ਰੁਝਾਨ ਨੇ ਇੱਕ ਐਸੀ ਸੰਸਕ੍ਰਿਤੀ ਨੂੰ ਪੈਦਾ ਕੀਤਾ ਹੈ ਜਿੱਥੇ ਨਿੱਜੀ ਲਾਭ ਅਕਸਰ ਸਮੂਹਿਕ ਭਲਾਈ ਦੇ ਉੱਪਰ ਅਹਿਮੀਅਤ ਰੱਖਦਾ ਹੈ। ਅਸੀਂ ਦੇਖ ਰਹੇ ਹਾਂ ਕਿ ਸਮੂਹ-ਕੇਂਦਰਿਤ ਮੁੱਲਾਂ ਤੋਂ ਇੱਕ ਹੋਰ ਸੁਤੰਤਰਤਾ-ਕੇਂਦਰਿਤ ਪਹੁੰਚ ਵੱਲ ਬਦਲਾਉ ਹੋ ਰਿਹਾ ਹੈ । ਇਹ ਵੱਖ-ਵੱਖ ਤਰੀਕਿਆਂ ਨਾਲ ਪ੍ਰਗਟ ਹੋ ਸਕਦਾ ਹੈ, ਜਿਵੇਂ ਕਿ ਅਨੇਕਾਂ ਕਾਰੋਬਾਰੀ ਪ੍ਰਥਾਵਾਂ ਵਿੱਚ ਅਣੈਤਿਕਤਾ ਜਾਂ ਜ਼ਰੂਰਤਮੰਦ ਲੋਕਾਂ ਲਈ ਅਸਹਿਣਸ਼ੀਲਤਾ।

ਇਨ੍ਹਾਂ ਚਿੰਤਾਵਾਂ ਦੇ ਜਵਾਬ ਵਿੱਚ, ਕਈ ਸੰਸਥਾਵਾਂ ਅਤੇ ਸਮਾਜਿਕ ਆਗੂ ਨੈਤਿਕ ਸਿੱਖਿਆ ਅਤੇ ਸਮੂਹਿਕ ਹਿੱਸੇਦਾਰੀ ਨੂੰ ਪ੍ਰੋਤਸਾਹਿਤ ਕਰਨ ਲਈ ਕੰਮ ਕਰ ਰਹੇ ਹਨ। ਨੈਤਿਕਤਾ ਅਤੇ ਮੁੱਲਾਂ ਦੇ ਆਲੇ-ਦੁਆਲੇ ਵਿਚਾਰ-ਵਿਟਾਦਰਾ ਉਤਸ਼ਾਹਿਤ ਕਰਨ ਵਾਲੀਆਂ ਪਹਿਲਕਦਮੀਆਂ ਸਕੂਲਾਂ, ਕੰਮਕਾਜ਼ ਅਤੇ ਸਥਾਨਕ ਸਮਾਜਾਂ ਵਿੱਚ ਪ੍ਰਾਪਤ ਹੋ ਰਹੀਆਂ ਹਨ। ਸੇਵਾ ਸਿੱਖਣ ਅਤੇ ਸੁਵਿਧਾ ਪ੍ਰਦਾਨ ਕਰਨ ਵਾਲੇ ਕਾਰਜਕ੍ਰਮ ਵੀ ਲਾਗੂ ਕੀਤੇ ਜਾ ਰਹੇ ਹਨ ਤਾਂ ਜੋ ਵਿਅਕਤੀਆਂ ਨੂੰ ਇਕ ਦੂਜੇ ਨਾਲ ਜੁੜਨ ਅਤੇ ਸਮਾਜ ਵਿੱਚ ਸਕਾਰਾਤਮਕ ਯੋਗਦਾਨ ਦੇਣ ਲਈ ਉਤਸ਼ਾਹਿਤ ਕੀਤਾ ਜਾ ਸਕੇ।

ਨੈਤਿਕ ਮੁੱਲਾਂ ਨੂੰ ਮੁੜ ਬਣਾਉਣਾ ਜ਼ਮੀਨੀ ਪੱਧਰ 'ਤੇ ਸ਼ੁਰੂ ਹੁੰਦਾ ਹੈ, "ਸਮਾਜਿਕ ਆਗੂ ਅਕਸਰ ਇਹ ਕਹਿੰਦੇ ਹਨ। ਸਾਨੂੰ ਐਸੇ ਸਥਾਨ ਬਣਾਉਣ ਦੀ ਲੋੜ ਹੈ ਜਿੱਥੇ ਲੋਕ ਇਕੱਠੇ ਹੋ ਸਕਣ, ਅਨੁਭਵ ਸਾਂਝੇ ਕਰ ਸਕਣ ਅਤੇ ਇਕ ਦੂਜੇ ਤੋਂ ਸਿੱਖ ਸਕਣ। ਇਹ ਇੱਕ ਵਧ ਰਹੀ ਟੁੱਟ-ਫੁੱਟ ਭਰੀ ਦੁਨੀਆ ਵਿੱਚ ਹਮਦਰਦੀ ਅਤੇ ਸਮਝਦਾਰੀ ਨੂੰ ਉਤਸ਼ਾਹਿਤ ਕਰਨ ਬਾਰੇ ਹੈ।

ਨਿਊਜ਼ਾਰਕ ਪ੍ਰੀਤਨਾਮਾ
ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ ਖਰਾ ਸੱਚ
ਡਾ. ਸੁਰਿੰਦਰਪਾਲ ਸਿੰਘ
ਸ੍ਰੀ ਅਮ੍ਰਿਤਸਰ ਸਾਹਿਬ

ਇਨ੍ਹਾਂ ਕੋਸ਼ਿਸ਼ਾਂ ਦੇ ਬਾਵਜੂਦ ਨੈਤਿਕ ਮੁੱਲਾਂ ਨੂੰ ਮੁੜ ਸਥਾਪਿਤ ਕਰਨ ਦਾ ਕਾਰਜ ਲੰਬਾ ਅਤੇ ਚੁਣੌਤੀਪੂਰਕ ਹੋਵੇਗਾ। ਸਮਾਜ ਅਸਮਾਨਤਾ, ਮੌਸਮੀ ਬਦਲਾਅ ਅਤੇ ਰਾਜਨੀਤਿਕ ਸੰਘਰਸ਼ ਵਰਗੇ ਜਟਿਲ ਮੁੱਦਿਆਂ ਨਾਲ ਨਜਿੱਠਦਾ ਹੈ ਉਸ ਲਈ ਇੱਕ ਨਵੀਂ ਵਚਨਬੱਧਤਾ ਦੀ ਲੋੜ ਕਦੇ ਵੀ ਇੰਨੀ ਮਹਿਸੂਸ ਨਹੀਂ ਸੀ।

ਜਿਵੇਂ ਜਿਵੇ ਅਸੀਂ ਅੱਗੇ ਵਧਦੇ ਹਾਂ, ਇਹ ਮਹੱਤਵਪੂਰਨ ਹੈ ਕਿ ਵਿਅਕਤੀ, ਪਰਿਵਾਰ ਅਤੇ ਸਮਾਜ ਆਪਣੇ ਮੁੱਲਾਂ 'ਤੇ ਵਿਚਾਰ ਕਰਨ ਅਤੇ ਸੋਚਣ ਕਿ ਉਹ ਕਿਸ ਤਰ੍ਹਾਂ ਇੱਕ ਹੋਰ ਦਿਆਲੂ ਅਤੇ ਨਿਆਂਪੂਰਕ ਸਮਾਜ ਦੀ ਬਣਤਰ ਵਿੱਚ ਯੋਗਦਾਨ ਪਾ ਸਕਦੇ ਹਨ। ਕੇਵਲ ਇਕੱਠੇ ਕਾਰਵਾਈਆਂ ਅਤੇ ਨੈਤਿਕ ਇੰਟੀਗ੍ਰਿਟੀ ਲਈ ਵਚਨਬੱਧਤਾ ਦੁਆਰਾ ਹੀ ਅਸੀਂ ਇਸ ਚਿੰਤਾਜਨਕ ਰੁਝਾਨ ਨੂੰ ਉਲਟਾਉਣ ਅਤੇ ਭਵਿੱਖ ਦੀ ਪੀੜ੍ਹੀ ਲਈ ਇੱਕ ਚੰਗਾ ਭਵਿੱਖ ਬਣਾਉਣ ਦੀ ਉਮੀਦ ਕਰ ਸਕਦੇ ਹਾਂ।

# (ਮਿੰਨੀ ਕਹਾਣੀ) ਕਣਕ ਵਾਲੀ ਪਰਚੀ

"ਮੈਂ ਕਿਹਾ ਜੀ ਪਹਿਲਾਂ ਜਾ ਕੇ ਡੀਪੂ ਤੋਂ ਕਣਕ ਲੈ ਆਉਂਦੇ, ਅੱਜ ਤਿੰਨ ਦਿਨ ਹੋਗੇ ਪਰਚੀ ਕਟਾਈ ਨੂੰ, ਮੇਰਾ ਟਾਇਮ ਨੀ ਲੱਗਿਆ, ਕਣਕ ਲਿਆਉਣ ਦਾ, ਕੱਲ ਫੇਰ ਭੋਲੇ ਦੀ ਮਾਂ ਨਾਲ ਬੈਠਣ ਉਠ ਗਈ, ਕਲਵੰਤੇ ਦੀ ਦਾਦੀ ਜਿਓਂ ਮਰ ਗਈ ਸੀ। ਥੋਨੂੰ ਲੰਬੜਾ ਨੇ ਛੁੱਟੀ ਨੀ ਦਿੱਤੀ ਕੰਮ ਤੋਂ, ਮੈਂ ਕਿਹਾ

ਕਿਤੇ ਅੱਜ ਫੇਰ ਨਾ ਕਣਕ ਲੈਣ ਵੱਲੋ ਰਹਿ ਜੀਏ" । ਚੁੱਲ੍ਹੇ ਕੋਲ ਬੈਠੀ ਭਾਨੋ ਨੇ ਝੋਕਾ ਅਗਾਂਹ ਕਰਦੀ ਹੋਈ ਨੇ ਕੰਧੋਲੀ ਦੇ ਉੱਪਰ ਦੀ ਵੇਖ ਕੇ ਨਰੈਣੇ ਭਾਵ ਆਪਣੇ ਘਰ ਵਾਲੇ ਨੂੰ ਤਗੀਦ ਕੀਤੀ। "ਫੇਰ ਕਹਿਣਗੇ ਸਮੇਂ ਸਿਰ ਨੀ ਆਏ" ਨਰੈਣਾ ਮੰਜੀ ਤੋਂ ਉੱਬੜ ਕੇ ਉੱਠਿਆ, "ਪਹਿਲਾਂ ਇਹ ਕੰਮ ਨਬੇੜਾ, ਕੱਲ ਮੈਨੂੰ ਹਾਕਮੇ ਕਾ ਨੈਬਾ ਕਹਿੰਦਾ ਸੀ, ਚਾਚਾ ਪਹਿਲਾਂ ਮੇਰੀ ਪਰਚੀ ਕੱਟਤੀ, ਫੇਰ ਕਹਿੰਦੇ ਕਣਕ ਪਿਛੋਂ ਨੀ ਆਈ," ਨਰੈਣਾ ਮੋਢੇ ਤੇ ਪਰਨਾ ਰੱਖ , ਪਰਚੀ ਤੇ ਬੋਰੀ ਲੈ ਕੇ ਡੀਪੂ ਤੇ ਚਲਾ ਗਿਆ। "ਲਉ ਜੀ ਪਰਚੀ ਮੈਨੂੰ ਕਣਕ ਦੇ ਦਿਓ, ਘਰ ਆਟਾ ਮੁੱਕਿਆ ਪੀਹਣ ਕਰਨਾ", ਨਰੈਣੇ ਨੇ ਅੱਖਾਂ ਚ ਤਰਲਾ ਜੇਹਾ ਭਰਕੇ ਬੜੀ ਹਲੀਮੀ ਨਾਲ ਕਿਹਾ। "ਲਿਆ ਬਾਬਾ ਪਰਚੀ, ਇਹ ਤਾਂ ਤੂੰ ਹਸਪਤਾਲ ਦੀ ਪਰਚੀ ਲਈ ਫਿਰਦਾ", ਡੀਪੂ ਵਾਲੇ ਨੇ ਖੱਚਰੀ ਜਿਹੀ ਹਾਸੀ ਹੱਸਦੇ ਨੇ ਕਿਹਾ, ਹੈਂ ! ਇਹ ਕਿਵੇਂ ਹੋ ਸਕਦਾ, ਨਰੈਣੇ ਨੇ ਹੈਰਾਨ ਹੋ ਕੇ ਆਖਿਆ। ਬਾਬਾ ਨਾਲੇ ਕਣਕ ਟਾਇਮ ਨਾਲ ਲੈ ਜਾਇਆ ਕਰੋ, ਤਿੰਨ ਵਾਰੀ ਹੋਕਾ ਦਿੱਤਾ, ਜਦੋਂ ਮਰਜੀ ਉੱਠ ਕੇ ਤੁਰ ਪੈਂਨੇ ਆ" । ਡੀਪੂ ਵਾਲਾ ਕਿੰਨੀਆਂ ਗੱਲਾਂ ਇੱਕ ਸਾਹ ਚ ਕਹਿ ਗਿਆ। "ਉਹ ਚਕਾ ਗੱਟਾ ਬਾਬੇ ਨੂੰ ਮੁੰਡਿਆ", ਨਰੈਣੇ ਨੇ ਕਿਹਾ "ਕਣਕ ਘੱਟ ਲੱਗਦੀ ਆ, ਚੱਕ ਚੱਕ ਛੇਤੀ ਕਰ, ਤੂੰ ਕਿਹੜਾ ਪੈਸੇ ਦਿੱਤੇ ਆ, ਨਾਲੇ ਪੁੰਨ ਦੀ ਗਾਂ ਦੇ ਦੰਦ ਨੀ ਵੇਖੀਦੇ ਹੁੰਦੇ" । ਮੱਲੋ ਮੱਲੀ ਪਾਟੀ ਬੋਰੀ ਨਰੈਣੇ ਦੇ ਮੋਢੇ ਤੇ ਰੱਖ ਦਿੱਤੀ, ਜਦੋਂ ਨਰੈਣਾ ਦੂਜੀ ਗੱਲ ਕਰਦਾ, ਉੱਦੋ ਨੂੰ ਡੀਪੂ ਦਾ ਬਾਰ ਫੜਕ ਦੇਣੇ ਬੰਦ ਹੋ ਗਿਆ ਸੀ।

**ਹਰਪ੍ਰੀਤ ਪੱਤੋ ਪਿੰਡ ਪੱਤੋ**
**ਹੀਰਾ ਸਿੰਘ ਮੋਗਾ ਫੋਨ ਨੰਬਰ**
**94658-21417**

# ਠੀਕ ਰਸਤਾ/ਮਿੰਨੀ ਕਹਾਣੀ

ਸੁਖਵਿੰਦਰ ਸਿੰਘ ਨੂੰ ਪੰਦਰਾਂ ਕੁ ਸਾਲ ਪਹਿਲਾਂ ਸਰਕਾਰੀ ਹਾਈ ਸਕੂਲ ਫਤਿਹ ਪੁਰ ਖੁਰਦ ( ਹੁਸ਼ਿਆਰਪੁਰ ) ਵਿੱਚ ਪੰਜਾਬੀ ਮਾਸਟਰ ਦੀ ਨੌਕਰੀ ਮਿਲ ਗਈ ਸੀ। ਨੌਕਰੀ ਮਿਲਦਿਆਂ ਹੀ ਉਸ ਨੇ ਸ਼ਰਾਬ ਪੀਣੀ ਸ਼ੁਰੂ ਕਰ ਦਿੱਤੀ ਸੀ। ਸ਼ਰਾਬ ਵੀ ਉਹ ਸੁੱਕੀ ਪੀਂਦਾ ਸੀ, ਨਾਲ ਕੁੱਝ ਖਾਂਦਾ ਨਹੀਂ ਸੀ। ਲਗਾਤਾਰ ਸ਼ਰਾਬ ਪੀਣ ਨਾਲ ਉਸ ਦਾ ਲਿਵਰ ਖਰਾਬ ਹੋ ਗਿਆ ਸੀ।ਉਸ ਦੀ ਪਤਨੀ ਤੇ ਪਤਨੀ ਦੇ ਭਰਾ ਨੇ ਉਸ ਨੂੰ ਬਥੇਰਾ ਸਮਝਾ ਕੇ ਦੇਖ ਲਿਆ ਸੀ, ਪਰ ਉਹ ਸ਼ਰਾਬ ਪੀਣ ਤੋਂ ਨਾ ਹਟਿਆ। ਅਖੀਰ ਇੱਕ ਦਿਨ ਸ਼ਰਾਬ ਨੇ ਉਸ ਦੀ ਜਾਨ ਲੈ ਲਈ। ਸੁਖਵਿੰਦਰ ਸਿੰਘ ਦੇ ਮੁੰਡੇ ਮਨਜੀਤ ਨੇ ਪਲੱਸ ਟੂ ਪਾਸ ਕੀਤੀ ਹੋਈ ਸੀ। ਉਸ ਨੂੰ ਤਰਸ ਦੇ ਆਧਾਰ ਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਪੱਦੀ ਸੂਰਾ ਸਿੰਘ( ਹੁਸ਼ਿਆਰਪੁਰ ) ਵਿੱਚ ਐੱਸ ਐੱਲ ਏ ਦੀ ਨੌਕਰੀ ਮਿਲ ਗਈ। ਉਸ ਦੇ ਮਾਮੇ ਨੇ ਉਸ ਨੂੰ ਆਖਿਆ," ਮਨਜੀਤ ਤੈਨੂੰ ਪਤਾ ਈ ਆ,ਤੇਰਾ ਡੈਡੀ ਵੱਧ ਸ਼ਰਾਬ ਪੀ ਕੇ ਆਪਣੀ ਜਾਨ ਤੋਂ ਹੱਥ ਧੋ ਬੈਠਾ ਆ।ਉਸ ਨੂੰ ਮੈਂ ਤੇ ਤੇਰੀ ਮੰਮੀ ਨੇ ਬਥੇਰਾ ਸਮਝਾਇਆ ਸੀ,ਪਰ ਉਹ ਸਮਝਿਆ ਨਹੀਂ ਸੀ।ਹੁਣ ਤੂੰ ਆਪਣੀ ਜ਼ਿੰਮੇਵਾਰੀ ਸਮਝ।ਤੇਰੇ ਸਿਰ ਤੇ ਹੀ ਪਰਿਵਾਰ ਨੇ ਅੱਗੇ ਵੱਧਣਾ ਆਂ।ਜਿਹੜੇ ਸ਼ਰਾਬ ਨਹੀਂ ਪੀਂਦੇ, ਉਹ ਆਪਣੇ ਪਰਿਵਾਰਾਂ 'ਚ ਖੁਸ਼ੀ, ਖੁਸ਼ੀ ਰਹਿੰਦੇ ਆ। ਮੈਨੂੰ ਹੀ ਦੇਖ ਲੈ, ਮੈਂ ਕਦੇ ਸ਼ਰਾਬ ਨ੍ਹੀ ਪੀਤੀ। ਗੁਰੂ ਦੇ ਲੜ ਲੱਗਾ ਹੋਇਆਂ। ਸਵੇਰੇ ਉੱਠ ਕੇ ਇਸ਼ਨਾਨ ਕਰਕੇ ਗੁਰੂ ਦੀ ਬਾਣੀ ਪੜ੍ਹਦਾ ਆਂ।ਸਾਰਾ ਦਿਨ ਸੌਖਾ ਲੰਘ ਜਾਂਦਾ ਆ।ਮਨ 'ਚ ਮੌਤ ਦਾ ਉੱਕਾ ਹੀ ਡਰ ਨ੍ਹੀ।ਜਦ ਮਰਜ਼ੀ ਆਵੇ, ਕੋਈ ਪ੍ਰਵਾਹ ਨ੍ਹੀ।ਬੱਸ ਮਨ ਨੂੰ ਤਸੱਲੀ ਆ ਕਿ ਮੈਂ ਠੀਕ ਰਸਤੇ ਲੱਗਾ ਹੋਇਆਂ।" ਮਨਜੀਤ ਦੇ ਮਨ ਤੇ ਉਸ ਦੇ ਮਾਮੇ ਦੀਆਂ ਗੱਲਾਂ ਦਾ ਬੜਾ ਚੰਗਾ ਅਸਰ ਹੋਇਆ ਤੇ ਆਖਣ ਲੱਗਾ," ਮਾਮਾ ਜੀ ਤੁਹਾਡੀਆਂ ਗੱਲਾਂ ਬਿਲਕੁਲ ਠੀਕ ਨੇ।ਜਿਸ ਸ਼ਰਾਬ ਨੇ ਮੇਰੇ ਡੈਡੀ ਦੀ ਜਾਨ ਲੈ ਲਈ, ਮੈਂ ਉਸ ਨੂੰ ਕਦੇ ਨਹੀਂ ਪੀਆਂਗਾ।ਮੈਂ ਵੀ ਤੁਹਾਡੇ ਵਾਂਗ ਗੁਰੂ ਦੇ ਲੜ ਲੱਗਣਾ ਚਾਹੁੰਦਾ ਆਂ। ਸ਼ਾਬਾਸ਼ ਬੇਟੇ, ਮੈਨੂੰ ਤੇਰੇ ਕੋਲੋਂ ਇਹੀ ਆਸ ਸੀ।" ਮਨਜੀਤ ਦੇ ਮਾਮੇ ਨੇ ਆਖਿਆ। ਕੁੱਝ ਮਿੰਟਾਂ ਪਿੱਛੋਂ ਮਨਜੀਤ ਆਪਣੇ ਮਾਮੇ ਨਾਲ ਗੁਰੂ ਦੇ ਲੜ ਲੱਗਣ ਲਈ ਸ੍ਰੀ ਅਨੰਦਪੁਰ ਸਾਹਿਬ ਜਾਣ ਲਈ ਤਿਆਰ ਹੋ ਗਿਆ।

**ਮਹਿੰਦਰ ਸਿੰਘ ਮਾਨ**
**ਸਲੋਹ ਰੋਡ**
**ਨਵਾਂ ਸ਼ਹਿਰ-9915803554**

# ਜ਼ਿੰਦਗੀ ਅੰਦਰ ’ਲੋਕ ਕੀ ਕਹਿਣਗੇ’ ਦਾ ਰੱਟਾ ਕਿਉਂ ..

ਸਾਡੇ ਸਮਾਜ ਅੰਦਰ ਸਾਨੂੰ ਸਾਰਿਆਂ ਨੂੰ ਇੱਕ ਗੱਲ ਬਹੁਤ ਬੁਰੀ ਤਰ੍ਹਾਂ ਪ੍ਰਭਾਵਿਤ ਕਰ ਰਹੀ ਹੈ ਕਿ ਲੋਕ ਕੀ ਕਹਿਣਗੇ । ਜਿਹੜੀ ਇਹ ਗੱਲ ਹੈ ਕਿ ਲੋਕ ਕੀ ਕਹਿਣਗੇ ਇਸ ਨੇ ਬੱਚੇ ਤੋਂ ਲੈ ਕੇ ਬਜ਼ੁਰਗ ਤੱਕ ਆਪਣਾ ਅਸਰ ਬੁਰੀ ਤਰ੍ਹਾਂ ਛੱਡਿਆ ਹੈ । ਸਾਰੇ ਮਾਮਲਿਆਂ ਵਿੱਚ ਅਸੀਂ ਸਾਰੇ ਅਕਸਰ ਇੱਕ ਗੱਲ ਦਾ ਗਿਆਨ ਘੋਟਦੇ ਹਾਂ ਕਿ, ਉਸ ਗੱਲ ਦੇ ਵਿੱਚ ਇਸ ਗੱਲ ਦੇ ਵਿੱਚ ਫਲਾਣਾ ਕੀ ਕਹੇਗਾ ਤੇ ਧਿਮਕਾਨਾਂ ਕੀ ਕਹੇਗਾ । ਇਸ ਗੱਲ ਦਾ ਭਾਵੇਂ ਕਿਸੇ ਨੂੰ ਵੀ ਕੁਝ ਪਤਾ ਨਹੀਂ ਹੁੰਦਾ ਕਿ ਕਿਸੇ ਨੇ ਕੀ ਕਹਿਣਾ ਹੈ ਪਰ ਸਾਰਿਆਂ ਦੀ ਸੂਈ ਬਾਰ ਬਾਰ ਇੱਕੋ ਗੱਲ ਤੇ ਆ ਕੇ ਅਟਕ ਜਾਂਦੀ ਹੈ ਕਿ ਲੋਕ ਕੀ ਕਹਿਣਗੇ । ਜਿਹੜਾ ਇਹ ਲੋਕ ਕੀ ਕਹਿਣਗੇ ਸ਼ਬਦ ਸਾਡੇ ਜਿਹਨ ਤੇ ਆ ਕੇ ਬੁਰੀ ਤਰ੍ਹਾਂ ਵੱਡੇ ਪੱਧਰ ਤੇ ਸਾਨੂੰ ਸਾਰਿਆਂ ਨੂੰ ਪ੍ਰਭਾਵਿਤ ਕਰ ਰਿਹਾ ਹੈ । ਇਸ ਨੇ ਜਿੱਥੇ ਨੁਕਸਾਨ ਤਾਂ ਕੀਤਾ ਹੀ ਹੈ ਉਥੇ ਵੀ ਮਾਨਸਿਕ ਤੌਰ ਤੇ ਇਨਸਾਨ ਨੂੰ ਕਮਜ਼ੋਰ ਕੀਤਾ । ਭਾਵੇਂ ਵਰਤਾਰਾ ਕੋਈ ਅੱਜ ਦਾ ਨਹੀਂ ਔਰ ਪਿਛਲੇ ਲੰਬੇ ਸਮੇਂ ਤੋਂ ਚਲਿਆ ਆ ਰਿਹਾ ਹੈ । ਹਾਂ ਨੌਜਵਾਨ ਵਰਗ ਥੋੜਾ ਬਹੁਤ ਇਸ ਤੋਂ ਕੁਝ ਦੂਰ ਜਰੂਰ ਹੋਇਆ ਹੈ ਪਰ ਇਸ ਦੇ ਪ੍ਰਭਾਵ ਥੱਲੇ ਅਜੇ ਵੀ ਬਹੁਤ ਸਾਰਾ ਸਮਾਜ ਹੈ ।

ਜੇਕਰ ਅਸੀਂ ਗੁਰਬਾਣੀ ਦੇ ਫਲਸਫੇ ਅਨੁਸਾਰ ਜ਼ਿੰਦਗੀ ਜਿਉਂ ਕੇ ਵੇਖੀਏ ਤਾਂ ਨਜ਼ਾਰਾ ਬੱਝ ਜਾਂਦਾ ਹੈ । ਗੁਰੂ ਸਾਹਿਬ ਨੇ ਗੁਰਬਾਣੀ ਦੇ ਅੰਦਰ ਕਿੰਨਾ ਸੱਚ ਲਿਖਿਆ ਹੈ ਇਹ ਸਾਨੂੰ ਸਾਰਿਆਂ ਨੂੰ ਪਤਾ ਹੋਣ ਦੇ ਬਾਵਜੂਦ ਅਸੀਂ ਗੁਰਬਾਣੀ ਦਾ ਅਸਰ ਘੱਟ ਮੰਨਦੇ ਹਾਂ ਪਰ ਦੁਨਿਆਵੀ ਤੌਰ ਤੇ ਅਸੀਂ ਚੀਜ਼ਾਂ ਦਾ ਅਸਰ ਬਹੁਤ ਮੰਨਦੇ ਹਾਂ । ਅਸੀਂ ਕਿਸੇ ਦੀ ਜ਼ਿੰਦਗੀ ਤੋਂ ਕੀ ਲੈਣਾ ਹੈ । ਆਪਾਂ ਉੱਪਰ ਗੱਲ ਕਰ ਰਹੇ ਸੀ ਕਿ ਲੋਕ ਕੀ ਕਹਿਣਗੇ ਅੱਜ ਇਸ ਗੱਲ ਦਾ ਇੱਕ ਬੁਰੀ ਤਰ੍ਹਾਂ ਹਊਆ ਬਣ ਚੁੱਕਿਆ ਹੈ ਕਿ ਲੋਕ ਕੀ ਕਹਿਣਗੇ । ਅਸੀਂ ਲੋਕਾਂ ਦੀ ਜ਼ਿੰਦਗੀ ਵਿੱਚ ਝਾਕ ਕੇ ਕੀ ਲੈਣਾ ਹੈ ਅਸੀਂ ਲੋਕਾਂ ਤੋਂ ਕਿਉਂ ਡਰਦੇ ਹਾਂ ਅਸੀਂ ਆਪਦੀ ਜ਼ਿੰਦਗੀ ਵਧੀਆ ਕਿਉਂ ਨਹੀਂ ਜਿਉ ਸਕਦੇ । ਅਸੀਂ ਸਾਰੀ ਦਿਹਾੜੀ ਦੂਜਿਆਂ ਦੇ ਕੰਮਾਂ ਵਿੱਚ ਦਾਖਲ ਦੇ ਕੇ ਲੋਕ ਕੀ ਕਹਿਣਗੇ ਦਾ ਰੱਟਾ ਲਾ ਕੇ ਬੁਰੀ ਤਰ੍ਹਾਂ ਆਪਣੇ ਆਪ ਨੂੰ ਜਿੱਥੇ ਪ੍ਰਭਾਵਿਤ ਕਰ ਰਹੇ ਹਾਂ ਉਥੇ ਹੀ ਹੋਰਾਂ ਦੀ ਜ਼ਿੰਦਗੀ ਵਿੱਚ ਦਾਖਲ ਅੰਦਾਜ਼ੀ ਕਰਕੇ ਜ਼ਿੰਦਗੀ ਨਰਕ ਵਰਗੀ ਬਣਾਉਣ ਨੂੰ ਤਰਜ਼ੀਹ ਦੇ ਰਹੇ ਹਾਂ ।

ਗੁਰਬਾਣੀ ਦੇ ਫਲਸਫੇ ਅਨੁਸਾਰ ਇਨਸਾਨ ਦਾ ਇਸ ਜਹਾਨ ਦੇ ਅੰਦਰ ਕੋਈ ਵੀ ਸਕਾ ਨਹੀਂ ਹੈ । ਉਸ ਦੇ ਜਿੰਨੇ ਵੀ ਦੁਨਿਆਵੀ ਰਿਸ਼ਤੇ ਹਨ ਉਹ ਸਾਰੇ ਇੱਕ ਤਰ੍ਹਾਂ ਨਾਲ ਕੇਵਲ ਵਿਖਾਵੇ ਦੇ ਸਾਧਨ ਹਨ ਉਸ ਤੋਂ ਵੱਧ ਕੁਝ ਨਹੀਂ ਹੈ । ਜੇਕਰ ਅਸੀਂ ਗੁਰੂ ਸਾਹਿਬ ਦੇ ਫਲਸਫੇ ਅਨੁਸਾਰ ਜ਼ਿੰਦਗੀ ਜਿਉਣ ਦੀ ਕੋਸ਼ਿਸ਼ ਕਰਾਂਗੇ ਤਾਂ ਅਸੀਂ ਪਾਰ ਲੰਘ ਜਾਵਾਂਗੇ ਨਹੀਂ ਤਾਂ ਅਸੀਂ ਵਿਚਾਲੇ ਹੀ ਅੜਕਾਂਗੇ । ਇਹ ਸਦੀਵੀ ਸੱਚ ਹੈ । ਪਰ ਅਸੀਂ ਤਾਂ ਹੋਰ ਹੀ ਰਾਹ ਤੁਰ ਪਏ ਹਾਂ । ਅਸੀਂ ਤਾਂ ਸਾਰੀ ਦਿਹਾੜੀ ਇੱਕੋ ਗੱਲ ਦਾ ਰੱਟਾ ਲਗਾ ਕੇ ਬੈਠੇ ਹਾਂ ਕਿ ਫਲਾਣਾ ਆਪਣੀ ਜ਼ਿੰਦਗੀ ਅੰਦਰ ਕੀ ਕਰ ਰਿਹਾ ਹੈ ਸਾਨੂੰ ਇਸ ਤੱਕ ਕੋਈ ਵੀ ਮਤਬਲ ਮੇਰੇ ਖਿਆਲ ਦੇ ਮੁਤਾਬਿਕ ਨਹੀਂ ਰੱਖਣਾ ਚਾਹੀਦਾ ਕੋਈ ਕੁਝ ਵੀ ਕਰੇ । ਉਸ ਦੀ ਆਪਦੀ ਜ਼ਿੰਦਗੀ ਹੈ ਤੇ ਸਾਡੀ ਅਪਦੀ ਜ਼ਿੰਦਗੀ ਅਸੀਂ ਰਿਸ਼ਤੇ ਨਾਤਿਆਂ ਨੂੰ ਇਸ ਕਦਰ ਵੇਖਦੇ ਹਾਂ ਜਿਵੇਂ ਅਸੀਂ ਕਿਸੇ ਦੇ ਮੁੱਲ ਲਏ ਹੋਈਏ ਜਾਂ ਕੋਈ ਦੂਸਰਾ ਸਾਡਾ ਮੁੱਲ ਲਿਆ ਹੋਵੇ ਇਹ ਗੱਲ ਕਦੇ ਵੀ ਧਿਆਨ ਵਿੱਚ ਰੱਖ ਕੇ ਜ਼ਿੰਦਗੀ ਜਿਉਣ ਨੂੰ ਪਹਿਲ ਦੇਣੀ ਚਾਹੀਦੀ ਹੈ ।

ਨਿਊਯਾਰਕ ਪ੍ਰੀਤਨਾਮਾ ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ ਖਰਾ ਸੱਚ
ਸਿੰਦਰ ਸਿੰਘ ਮੀਰਪੁਰੀ ਫਰਿਜਨੋ
ਅਮਰੀਕਾ5592850841

ਜੇਕਰ ਅਸੀਂ ਗੁਰੂ ਸਾਹਿਬ ਦੇ ਫਲਸਫੇ ਨੂੰ ਮੰਨ ਕੇ ਚੱਲੀਏ ਤਾਂ ਜ਼ਿੰਦਗੀ ਅੰਦਰ ਸਾਡਾ ਕੋਈ ਵੀ ਰਿਸ਼ਤਾ ਸਥਾਈ ਨਹੀਂ ਹੈ ਇਹ ਕੇਵਲ ਦਿਖਾਵੇ ਮਾਤਰ ਸਾਧਨ ਹਨ । ਅਸਲ ਰਿਸ਼ਤਾ ਤਾਂ ਗੁਰੂ ਸਾਹਿਬ ਅਤੇ ਪਰਮਾਤਮਾ ਦੇ ਨਾਲ ਹੈ ਜਿਸ ਨੂੰ ਅਸੀਂ ਮੰਨਣ ਤੋਂ ਇਨਕਾਰੀ ਹੋ ਚੁੱਕੇ ਹਾਂ । ਸਾਡੀ ਜ਼ਿੰਦਗੀ ਅੰਦਰ ਸਾਡਾ ਜੀਵਨ ਸਾਥੀ ਤੋਂ ਲੈ ਕੇ ਬੱਚਿਆਂ ਤੱਕ ਸਭ ਰਿਸ਼ਤੇ ਕੇਵਲ ਦਿਖਾਵੇ ਦੇ ਸਾਧਨ ਹਨ । ਹਾਂ ਇਹਨਾਂ ਗੱਲਾਂ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਇਹ ਸਾਧਨ ਤੇ ਰਿਸ਼ਤੇ ਵੀ ਜ਼ਰੂਰੀ ਹਨ ਇਨ੍ਹਾਂ ਤੋਂ ਬਿਨਾਂ ਵੀ ਕੋਈ ਇਨਸਾਨ ਅਧੂਰਾ ਹੈ ਪਰ ਜੇਕਰ ਅਸੀਂ ਗੁਰੂ ਸਾਹਿਬ ਦੇ ਫਲਸਫੇ ਨੂੰ ਭੁੱਲ ਕੇ ਕੇਵਲ ਲੋਕ ਕੀ ਕਹਿਣਗੇ ਦਾ ਰੱਟਾ ਲਾ ਕੇ ਆਪਣੀ ਜ਼ਿੰਦਗੀ ਨੂੰ ਨਰਕ ਬਣਾ ਲਈਏ ਤਾਂ ਮੇਰੇ ਖਿਆਲ ਦੇ ਮੁਤਾਬਿਕ ਉਹ ਵੀ ਠੀਕ ਨਹੀਂ ਹੋਵੇਗਾ । ਸਾਡੇ ਸਮਾਜ ਅੰਦਰ ਸਾਰਿਆਂ ਨੂੰ ਆਪਣੀ ਜ਼ਿੰਦਗੀ ਜਿਉਣ ਦਾ ਹੱਕ ਹੈ ਤੇ ਸਾਨੂੰ ਵੀ ਦੂਜੇ ਨੂੰ ਜ਼ਿੰਦਗੀ ਜਿਉਣ ਦਾ ਹੱਕ ਦੇਣ ਦੀ ਲੋੜ ਹੈ ।

ਅਸੀਂ ਚੰਗਾ ਹੋਵੇ ਜੇਕਰ ਉਹ ਆਪਣੀ ਜ਼ਿੰਦਗੀ ਅੰਦਰ ਸਿਰਫ ਆਪਣੇ ਤੱਕ ਸੀਮਤ ਹੋ ਕੇ ਰਹੀਏ ਜਾਂ ਕਿਸੇ ਲੋੜਵੰਦ ਦੀ ਮਦਦ ਕਰ ਦਈਏ । ਹਸਪਤਾਲਾਂ ਦੇ ਅੰਦਰ ਜਾ ਕੇ ਗਰੀਬ ਦੀ ਜ਼ਿੰਦਗੀ ਦਾ ਦਰਦ ਜਾਣੀਏ ਜਾਂ ਕਿਸੇ ਸਕੂਲੀ ਬੱਚੇ ਦੀ ਫੀਸ ਭਰ ਦਈਏ ਪਰ ਨਹੀਂ ਅਸੀਂ ਤਾਂ ਉੱਚੀ ਉੱਚੀ ਸਾਧਨਾ ਵਾਲੇ ਲੋਕਾਂ ਨਾਲ ਯਾਰੀ ਪਾ ਕੇ ਆਪਣੀ ਖੁਸਾਮਦ ਤੱਕ ਸੀਮਤ ਹੋ ਚੁੱਕੇ ਹਾਂ । ਇਹ ਦੁਨਿਆਵੀ ਰਿਸ਼ਤੇ ਮਿੱਟੀ ਦੀ ਤਰ੍ਹਾਂ ਹਨ ਇੱਥੇ ਕਿਸੇ ਨੂੰ ਕੋਈ ਕਦਰ ਨਹੀਂ ਆਪਣੇ ਮਾਂ ਪਿਓ ਦੀ ਸੇਵਾ ਕਰੋ ਗੁਰੂ ਸਾਹਿਬ ਦਾ ਨਾਮ ਜਪੋ ਕਿਰਤ ਕਰੋ ਵੰਡ ਕੇ ਖਾਓ ਇਹੀ ਜ਼ਿੰਦਗੀ ਦਾ ਅਸਲ ਦਸਤੂਰ ਹੈ । ਅਰਦਾਸ ਕਰੋ ਸਰਬੱਤ ਦੇ ਭਲੇ ਦੀ ਅਤੇ ਲੋੜਵੰਦ ਦੀ ਮਦਦ ਕਰੋ । ਪਰ ਅਸੀਂ ਤਾਂ ਕੇਵਲ ਦੂਜਿਆਂ ਦੀ ਜ਼ਿੰਦਗੀ ਵਿੱਚ ਝਾਕ ਕੇ ਕੋਈ ਕੀ ਕਰ ਰਿਹਾ ਹੈ ਤੇ ਲੋਕ ਕੀ ਕਹਿਣਗੇ ਦਾ ਬਾਜਾ ਬਜਾ ਰਹੇ ਹਾਂ ਜੋ ਬਿਲਕੁਲ ਗਲਤ ਹੈ । ਇਹ ਠੀਕ ਹੈ ਕਿ ਸਾਨੂੰ ਰਿਸ਼ਤੇ ਨਾਤਿਆਂ ਦੀ ਕਦਰ ਕਰੇ ਤੋਂ ਬਿਨਾਂ ਸਰਦਾ ਨਹੀਂ ਪਰ ਰਿਸ਼ਤੇ ਨਾਤੇ ਵੀ ਉਹ ਹੁੰਦੇ ਹਨ ਜੋ ਜ਼ਿੰਦਗੀ ਵਿੱਚ ਤੁਹਾਡੇ ਨਾਲ ਆਪਣੀ ਜ਼ਿੰਦਗੀ ਦਾ ਅਸਲ ਫਰਜ਼ ਮੰਨ ਕੇ ਤੁਹਾਡੇ ਨਾਲ ਮਿੱਤਰਤਾ ਜਾਰੀ ਦੋਸਤੀ ਜਾਂ ਆਪਣਾ ਜੀਵਨ ਸਾਥੀ ਦਾ ਫਰਜ਼ ਨਿਭਾਉਣ ਪਰ ਜੇਕਰ ਇਹ ਰਿਸ਼ਤੇਦਾਰ ਤੇ ਹੀ ਸਾਡੀ ਕਦਰ ਨਾ ਕਰਨ ਤਾਂ ਅਸੀਂ ਇਹਨਾਂ ਰਿਸ਼ਤੇ ਨਾਤਿਆਂ ਤੋਂ ਲੈਣਾ ਵੀ ਕੀ ਹੈ । ਚੰਗਾ ਹੋਵੇ ਜੇਕਰ ਅਸੀਂ ਉਹਨਾਂ ਲੋਕਾਂ ਦਾ ਸਾਥ ਨਿਭਾਈਏ ਜਿਹੜੇ ਤੁਹਾਡੇ ਨਾਲ ਰਹਿ ਕੇ ਤੁਹਾਡੀ ਮਾੜੀ ਨਾ ਕਰਨ ਅਤੇ ਤੁਹਾਡੀ ਜ਼ਿੰਦਗੀ ਦਾ ਹਿੱਸਾ ਬਣ ਕੇ ਇਸ ਸੰਸਾਰ ਅੰਦਰ ਨਿਭਾਉਣ ਦੀ ਕਲਾ ਦਾ ਮੂਲ ਬਣਨ । ਚੰਗਾ ਹੋਵੇ ਜੇਕਰ ਅਸੀਂ ਰਿਸ਼ਤੇ ਨਾਤੇ ਉਹ ਅਪਣਾਈਏ ਜਿਹੜੇ ਸਾਡੀ ਕਦਰ ਕਰਦੇ ਹੋਣ ਤੇ ਜਿਨਾਂ ਦੀ ਕਦਰ ਅਸੀਂ ਕਰਦੇ ਹੋਈਏ ਧਰਮ ਵੀ ਇਹੀ ਗੱਲ ਕਹਿੰਦਾ ਹੈ ਕਿ ਗੁਰੂ ਸਾਹਿਬ ਦੀ ਸਿੱਖਿਆ ਦਾ ਮੂਲ ਉਦੇਸ਼ ਵੀ ਇਹੀ ਹੈ ।

ਅਸੀਂ ਉਸ ਇਨਸਾਨ ਦੇ ਨਾਲ ਹੀ ਆਪਣੀ ਜ਼ਿੰਦਗੀ ਬਤੀਤ ਕਰੀਏ ਜਿਹੜਾ ਸਾਡੇ ਪ੍ਰਤੀ ਵਫਾਦਾਰ ਹੋਵੇ ਪਰ ਅੱਜ ਤਾਂ ਅਸੀਂ ਸਿਰਫ ਤੇ ਸਿਰਫ ਇੱਕੋ ਗੱਲ ਦੇ ਮਗਰ ਪੈ ਕੇ ਰੱਟਾ ਲਾਇਆ ਹੋਇਆ ਹੈ ਕਿ ਲੋਕ ਕੀ ਕਹਿਣਗੇ । ਅਸੀਂ ਕੀ ਲੈਣਾ ਹੈ ਲੋਕਾਂ ਤੋਂ ਲੋਕਾਂ ਨੇ ਸਾਨੂੰ ਕੀ ਦੇ ਦਿੱਤਾ ਲੋਕ ਕਿਸੇ ਨੂੰ ਕੀ ਦਿੰਦੇ ਹਨ ਸਿਰਫ ਚੁਗਲੀਆਂ ਚੋਰੀ ਝੂਠ ਜਾਂ ਫਰੇਬ ਇੱਥੇ ਕੋਈ ਕਿਸੇ ਦੇ ਕਿੰਨਾਂ ਕੁ ਨਾਲ ਖੜਦਾ ਹੈ ਸਾਨੂੰ ਸਾਰਿਆਂ ਨੂੰ ਪਤਾ ਹੈ ਪਰ ਪਤਾ ਨਹੀਂ ਅਸੀਂ ਕਿਉਂ ਇੱਕੋ ਗੱਲ ਦੇ ਮਗਰ ਪੈ ਕੇ ਕਿ ਲੋਕ ਕੀ ਕਹਿਣਗੇ ਦਾ ਰੱਟਾ ਲਾ ਕੇ ਜ਼ਿੰਦਗੀ ਬਤੀਤ ਕਰ ਰਹੇ ਹਾਂ । ਚੰਗਾ ਹੋਵੇ ਜੇਕਰ ਗੁਰੂ ਸਾਹਿਬ ਦੇ ਫਲਸਫੇ ਅਨੁਸਾਰ ਜ਼ਿੰਦਗੀ ਜਿਉਂ ਕੇ ਆਪਣਿਆਂ ਦੇ ਨਾਲ ਖੜੀਏ ਆਪਣਿਆਂ ਦੇ ਨਾਲ ਮੁਹੱਬਤ ਪਾਈਏ ਅਤੇ ਆਪਣਿਆਂ ਦੇ ਨਾਲ ਜ਼ਿੰਦਗੀ ਜਿਉਣ ਦਾ ਸਵਾਦ ਵੇਖੀਏ ਇਹੀ ਜ਼ਿੰਦਗੀ ਦਾ ਅਸਲ ਸੱਚ ਹੈ ।

10 ਫ਼ਰਵਰੀ ਸ਼ਹੀਦੀ ਤੇ ਵਿਸ਼ੇਸ਼ ਲੇਖ

# ਸਿੱਖ ਰਾਜ ਦਾ ਜਰਨੈਲ ਸ਼ਾਮ ਸਿੰਘ ਅਟਾਰੀ ਵਾਲਾ



ਮਹਾਰਾਜਾ ਰਣਜੀਤ ਸਿੰਘ ਦੇ ਸਿੱਖ ਰਾਜ ਦੇ ਜਰਨੈਲਾਂ ਦੀ ਜਦੋਂ ਗੱਲ ਹੁੰਦੀ ਹੈ ਤਾਂ ਸ਼ਾਮ ਸਿੰਘ ਅਟਾਰੀ ਵਾਲੇ ਦਾ ਨਾਮ ਬੜੇ ਮਾਣ ਨਾਲ ਲਿਆ ਜਾਂਦਾ ਹੈ।ਇਸ ਦਾ ਜਨਮ ਪਿਤਾ ਭਾਈ ਨਿਹਾਲ ਸਿੰਘ ਅਤੇ ਮਾਤਾ ਸ਼ਮਸ਼ੇਰ ਕੌਰ ਦੀ ਕੁੱਖੋਂ 1785 ਨੂੰ ਪਿੰਡ ਅਟਾਰੀ ਵਿਖੇ ਹੋਇਆ।

ਸ਼ਾਮ ਸਿੰਘ ਅਟਾਰੀ ਵਾਲੇ ਚੰਗੇ ਘੋੜ ਸਵਾਰ ਤੀਰ ਅੰਦਾਜ਼ ਤੇ ਤਲਵਾਰ ਦੇ ਧਨੀ ਸਨ ਇਸ ਕਰਕੇ ਮਹਾਰਾਜਾ ਰਣਜੀਤ ਸਿੰਘ ਦੀ ਫੌਜ਼ ਵਿਚ ਭਰਤੀ ਕਰ ਲਏ ਗਏ। ਸ਼ਾਮ ਸਿੰਘ ਅਟਾਰੀ ਵਾਲੇ ਨੇ ਮੁਲਤਾਨ ਦੀ ਲੜਾਈ ਅਤੇ ਕਸ਼ਮੀਰ ਦੀ ਲੜਾਈ ਵਿੱਚ ਬਹੁਤ ਬਹਾਦਰੀ ਵਿਖਾਈ। ਮਹਾਰਾਜਾ ਰਣਜੀਤ ਸਿੰਘ ਨੇ ਖੁਸ਼ ਹੋ ਕੇ ਹੀਰਿਆਂ ਭਰੀ ਕਲਗੀ ਅਟਾਰੀ ਵਾਲੇ ਨੂੰ ਇਨਾਮ ਵਜੋਂ ਦਿੱਤੀ।

ਸ਼ਾਮ ਸਿੰਘ ਅਟਾਰੀ ਵਾਲੇ ਦੀ ਪੁੱਤਰੀ ਨਾਨਕੀ ਦੀ ਸ਼ਾਦੀ ਮਹਾਰਾਜਾ ਰਣਜੀਤ ਸਿੰਘ ਦੇ ਪੋਤਰੇ ਕੰਵਰ ਨੌ ਨਿਹਾਲ ਸਿਘ ਨਾਲ ਕਰ ਦਿੱਤੀ ਗਈ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿਚ ਹੀ ਭਾਵੇਂ ਡੋਗਰਿਆਂ ਨੇ ਸਿੱਖ ਰਾਜ ਨੂੰ ਹਜ਼ਮ ਕਰਨ ਦੀਆਂ ਵਿਉਂਤਬੰਦੀਆਂ ਬਣਾਉਣੀਆਂ ਸ਼ੁਰੂ ਕਰ ਦਿੱਤੀਆਂ ਸਨ ਪਰ ਮਹਾਰਾਜਾ ਦਾ ਪ੍ਰਭਾਵ ਇਤਨਾ ਸੀ ਡੋਗਰੇ ਚੁੱਪ ਕਰਕੇ ਸਮੇਂ ਦੀ ਉਡੀਕ ਕਰਨ ਲਗੇ। ਮਹਾਰਾਜਾ ਰਣਜੀਤ ਸਿੰਘ ਦੀ ਅੱਖਾਂ ਮੀਟਣ ਦੀ ਦੇਰ ਸੀ ਮਹਾਰਾਜਾ ਦੇ ਪਰੀਵਾਰ ਦੀ ਆਪਸੀ ਫੁੱਟ ਸ਼ੁਰੂ ਹੋ ਗਈ ਇਸ ਫੁੱਟ ਵਿਚ ਡੋਗਰਿਆਂ ਦਾ ਹੱਥ ਸੀ ਡੋਗਰੇ ਨੇ ਸਿੱਖ ਰਾਜ ਨੂੰ ਸਮੇਟਣ ਲਈ ਗੁੱਝੀਆਂ ਚਾਲਾਂ ਚੱਲਣੀਆਂ ਸ਼ੁਰੂ ਕਰ ਦਿੱਤੀਆਂ ਸਨ ਉਹਨਾਂ ਦੀਆਂ ਚਾਲਾਂ ਨੂੰ ਜਾਣ ਕੇ ਸ਼ਾਮ ਸਿੰਘ ਅਟਾਰੀ ਵਾਲਾ ਫੌਜ਼ ਦੀ ਨੌਕਰੀ ਛੱਡ ਕੇ ਅਟਾਰੀ ਆ ਗਿਆ।

ਸਭਰਾਵਾਂ ਦੀ ਲੜਾਈ ਤੋਂ ਪਹਿਲਾਂ ਜਿੰਨੀਆਂ ਵੀ ਸਿੱਖ ਫੌਜ਼ਾ ਦੀਆਂ ਅੰਗਰੇਜ਼ਾਂ ਨਾਲ ਲੜਾਈਆਂ ਹੋਈਆਂ ਜਿਸ ਤਰਾਂ ਫੇਰੂ ਦੀ ਲੜਾਈ, ਮੁੱਦਕੀ ਦੀ ਲੜਾਈ, ਬੱਦੋਵਾਲ ਤੇ ਆਲੀਵਾਲ ਦੀ ਲੜਾਈ ਇਹਨਾਂ ਵਿੱਚ ਡੋਗਰਿਆਂ ਦੀ ਗੱਦਾਰੀ ਕਾਰਨ ਸਿੱਖ ਫੌਜ਼ਾਂ ਦੀ ਹਾਰ ਹੁੰਦੀ ਰਹੀ ਜਦ ਸਿੱਖ ਫੌਜ਼ਾਂ ਦੀ ਵਾਂਗਡੋਰ ਸੰਭਾਲਣ ਵਾਲਾ ਕੋਈ ਵਫ਼ਾਦਾਰ ਜਰਨੈਲ ਨਾ ਰਿਹਾ ਤਾਂ ਮਹਾਰਾਣੀ ਜਿੰਦ ਕੌਰ ਨੇ ਮਹਾਰਾਜਾ ਰਣਜੀਤ ਸਿੰਘ ਦਾ ਪੁਰਾਣਾ ਮਿੱਤਰ, ਰਿਸ਼ਤੇਦਾਰ ਅਤੇ ਮਹਾਰਾਜੇ ਦੀ ਫੌਜ਼ ਵਿੱਚ ਰਹਿ ਚੁੱਕਿਆ ਜਰਨੈਲ ਸ਼ਾਮ ਸਿੰਘ ਅਟਾਰੀ ਵਾਲਾ ਨੂੰ ਚਿੱਠੀ ਲਿੱਖ ਭੇਜੀ। ਮਹਾਰਾਣੀ ਜਿੰਦ ਕੌਰ ਨੇ ਉਸ ਵਿੱਚ ਲਿਖਿਆ ਲਾਹੌਰ ਦਰਬਾਰ ਸੰਕਟ ਵਿੱਚ ਘਿਰਿਆ ਹੋਇਆ ਹੈ ਇਸ ਵੇਲੇ ਸ਼ਾਹੀ ਦਰਬਾਰ ਵਿਚ ਤੁਹਾਡੀ ਖਾਸ ਜਰੂਰਤ ਹੈ। ਸਿੱਖ ਰਾਜ ਅਤੇ ਮਹਾਰਾਜਾ ਰਣਜੀਤ ਸਿੰਘ ਦੀ ਪੱਗ ਨੂੰ ਸਲਾਮਤ ਰੱਖਣ ਖ਼ਾਤਰ ਤੁਸੀਂ ਜੰਗ ਦੇ ਮੈਦਾਨ ਵਿੱਚ ਜਾਵੋ ਉੱਥੇ ਜਾਕੇ ਫੌਜ਼ ਦੀ ਵਾਗਡੋਰ ਸੰਭਾਲੋ ? ਅੰਗਰੇਜ਼ਾਂ ਨਾਲ ਆਰ ਪਾਰ ਦੀ ਲੜਾਈ ਲੜੀ ਜਾ ਰਹੀ ਹੈ।

ਚਿੱਠੀ ਪੜ੍ਹ ਕੇ ਸ਼ਾਮ ਸਿੰਘ ਅਟਾਰੀ ਵਾਲਾ ਪਰੀਵਾਰ ਨੂੰ ਫ਼ਤਿਹ ਬੁਲਾ ਕੇ 9 ਫ਼ਰਵਰੀ 1846 ਨੂੰ ਸਭਰਾਵਾਂ ਦੇ ਮੈਦਾਨ ਵਿੱਚ ਪੁੱਜ ਗਿਆ।

ਸ਼ਾਮ ਸਿੰਘ ਅਟਾਰੀ ਵਾਲੇ ਨੇ ਤੇਜ਼ ਸਿੰਘ ਨੂੰ ਕਿਹਾ ਮੈਂ ਸੌਹ ਖਾ ਕੇ ਅਟਾਰੀ ਤੋਂ ਤੁਰਿਆ ਹਾਂ ਇਕ ਸਿਰਾ ਕਰਕੇ ਹੀ ਹਟਾਂਗਾ ਇਹ ਸੁਣ ਸਿੱਖ ਫੌਜ਼ਾਂ ਵਿੱਚ ਜੋਸ਼ ਭਰ ਗਿਆ ਉਹ ਵੀ ਲੜਾਈ ਲੜਨ ਲਈ ਤਿਆਰ ਹੋ ਗਈਆਂ।

10 ਫ਼ਰਵਰੀ 1846 ਨੂੰ ਦਿਨ ਚੜ੍ਹਦੇ ਨਾਲ ਅੰਗਰੇਜ਼ਾਂ ਨੇ ਸਿੱਖ ਫ਼ੋਜਾਂ ਤੇ ਤੋਪਾਂ ਨਾਲ ਗੋਲਿਆਂ ਦੀ ਵਰਖਾ ਸ਼ੁਰੂ ਕਰ ਦਿੱਤੀ ਸਿੱਖਾਂ ਨੇ ਸਤਲੁਜ ਦਰਿਆ ਦੇ ਨਾਲ ਢਾਈ ਮੀਲ ਲੰਬੀ ਮੋਰਚਾ ਬੰਦੀ ਕਰ ਲਈ ਸੀ। ਸਿੱਖਾਂ ਨੇ ਆਪਣੀਆਂ ਤੋਪਾਂ ਵਿੱਚੋਂ ਬਰੂਦ ਦੇ ਗੋਲੇ ਅੰਗਰੇਜ਼ਾਂ ਵੱਲ ਖੋਲ ਦਿੱਤੇ ਤਿੰਨ ਘੰਟੇ ਦੀ ਜਬਰਦਸਤ ਲੜਾਈ ਹੋਣ ਪਿਛੋਂ ਨਾਂ ਸਿੱਖ ਫੌਜ਼ ਪਿੱਛੇ ਹਟੀ ਨਾ ਅੰਗਰੇਜ਼ ਫੌਜ਼ ਪਿੱਛੇ ਹਟੀ।

ਲਾਲ ਸਿੰਘ ਨੇ ਜਿਵੇਂ ਮੁਖ਼ਬਰੀ ਕਰਕੇ ਅਗਰੇਜ਼ਾਂ ਨੂੰ ਦੱਸਿਆ ਸੀ ਉਸ ਮੁਤਾਬਕ ਦੱਖਣੀ ਹਿੱਸੇ ਤੇ ਹੱਲਾ ਬੋਲ ਦਿੱਤਾ। ਤੋਪਾਂ ਦੀ ਮਾਰ ਨੇ ਬਾਹੀ ਵਿੱਚ ਪਾੜ ਪਾ ਦਿੱਤਾ। ਸਿੱਖ ਵੀ ਘੱਟ ਨਹੀਂ ਸਨ ਉਨ੍ਹਾਂ ਨੇ ਤੋਪਾਂ ਦੇ ਅਜਿਹੇ ਗੋਲੇ ਛੱਡੇ ਰਾਬਰਟ ਡਿੱਕ ਨੂੰ ਜ਼ਖ਼ਮੀ ਹੋ ਕੇ ਪਿੱਛੇ ਮੁੜਨਾ ਪਿਆ।ਇੰਨੇ ਚਿਰ ਨੂੰ ਉੱਥੇ ਸ਼ਾਮ ਸਿੰਘ ਅਟਾਰੀ ਵਾਲਾ ਵੀ ਪਹੁੰਚ ਗਿਆ

ਨਿਊਯਾਰਕ ਪ੍ਰੀਤਨਾਮਾ ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ ਖਰਾ ਸੱਚ
ਸੁਖਵਿੰਦਰ ਸਿੰਘ ਮੁੱਲਾਂਪੁਰ
+91 8427464104

ਜਦ ਲਾਲ ਸਿੰਘ ਤੇ ਤੇਜ਼ ਸਿੰਘ ਨੇ ਦੇਖਿਆ ਟੱਕਰ ਫਸਵੀਂ ਚੱਲ ਰਹੀ ਹੈ ਇਸ ਤਰਾਂ ਸਿੱਖਾਂ ਦੀ ਹਾਰ ਕਿਸ ਤਰਾਂ ਹੋਵੇਗੀ ? ਇੱਥੇ ਸ਼ਾਮ ਸਿੰਘ ਅਟਾਰੀ ਵਾਲਾ ਵੀ ਪਹੁੰਚ ਚੁੱਕਿਆ ਹੈ ਤਾਂ ਲਾਲ ਸਿੰਘ ਆਪਣੀ ਫੌਜ਼ ਸਣੇ ਉਥੋਂ ਭੱਜ ਪਿਆ ਥੋੜ੍ਹੇ ਚਿਰ ਬਾਅਦ ਤੇਜ਼ ਸਿੰਘ ਵੀ ਆਪਣੀ ਛੇ ਹਜ਼ਾਰ ਫੌਜ਼ਾਂ ਨੂੰ ਨਾਲ ਲੈ ਕੇ ਭੱਜ ਪਿਆ ਲਾਲ ਸਿੰਘ ਜਾਂਦਾ ਹੋਇਆ ਇੱਕ ਹੋਰ ਮਾੜਾ ਕੰਮ ਕਰ ਗਿਆ ਜੋ ਬਾਰੂਦ ਦੀਆਂ ਬੇੜੀਆਂ ਸਨ ਉਹ ਵੀ ਦਰਿਆ ਵਿੱਚ ਸੁੱਟ ਗਿਆ। ਸਿੱਖਾਂ ਨੇ ਜੋ ਪੁੱਲ ਦਰਿਆ ਦੇ ਉੱਪਰ ਬਾਰੂਦ ਅਤੇ ਰਾਸ਼ਨ ਪਾਣੀ ਲਿਆਉਣ ਲਈ ਬਣਾਇਆ ਸੀ ਉਸ ਦੀ ਰਾਖੀ ਤੇਜ਼ ਸਿੰਘ ਕਰ ਰਿਹਾ ਸੀ ਤੇਜ਼ ਸਿੰਘ ਜਾਂਦਾ ਹੋਇਆ ਤੋਪਾਂ ਦੇ ਗੋਲਿਆਂ ਨਾਲ ਪੁੱਲ ਤੋੜ ਗਿਆ। ਸਤਲੁਜ ਦਰਿਆ ਤੋਂ ਪਾਰ ਗੁਲਾਬ ਸਿੰਘ ਇਹਨਾਂ ਨੂੰ ਉਡੀਕ ਰਿਹਾ ਸੀ ਇਹ ਉਸ ਨਾਲ ਚਲੇ ਗਏ।

ਦੂਰ ਤੱਕ ਮਾਰ ਕਰਨ ਵਾਲੀਆਂ ਤੋਪਾਂ ਜੋ ਦਰਿਆ ਦੇ ਪਿਛਲੇ ਪਾਸੇ ਬੀੜੀਆਂ ਹੋਈਆਂ ਸਨ ਉਨ੍ਹਾਂ ਨੂੰ ਚਲਾਉਣ ਵਾਸਤੇ ਮੁਸਲਮਾਨ ਖੜ੍ਹੇ ਸਨ। ਮੁਸਲਮਾਨ ਵੀ ਤੋਪਾਂ ਦਾ ਮੂੰਹ ਉੱਪਰ ਕਰਕੇ ਚਲਾਉਂਦੇ ਤਾਂ ਕੇ ਕੋਈ ਗੋਲਾ ਅੰਗਰੇਜ਼ਾਂ ਦੇ ਨਾਂ ਲੱਗੇ ਇਹ ਗੋਲੇ ਅੰਗਰੇਜ਼ਾਂ ਦੇ ਉੱਪਰ ਦੀ ਜਾ ਕੇ ਪਿਛਲੇ ਪਾਸੇ ਡਿੱਗਦੇ।

ਜਦ ਸਿੱਖ ਫੌਜ਼ ਦੇ ਗਦਾਰ ਜਰਨੈਲ ਦੁਸ਼ਮਣਾ ਨਾਲ ਰੱਲ ਕੇ ਭੱਜ ਗਏ ਫਿਰ ਜਿੱਤ ਦੀ ਆਸ ਕਿਸ ਤੋਂ ਰੱਖੀ ਜਾ ਸਕਦੀ ਸੀ ? ਸਿੱਖ ਫੌਜਾਂ ਨੂੰ ਕਮਾਂਡਰ ਦੀ ਘਾਟ ਆ ਗਈ ? ਸਿਖਾਂ ਕੋਲ ਬਰੂਦ ਮੁੱਕ ਚੱਲਿਆ ਸੀ ਜਦ ਨਵੀਆਂ ਬਰੂਦ ਦੀਆਂ ਪੇਟੀਆਂ ਖੋਲੀਆਂ ਉਹਨਾਂ ਵਿਚੋਂ ਰੇਤ ਅਤੇ ਸਰੋਂ ਦੇ ਦਾਣੇ ਨਿਕਲਣੇ ਸ਼ੁਰੂ ਹੋ ਗਏ ਸਿੱਖ ਕੀ ਕਰਦੇ ? ਅੰਗਰੇਜ਼ ਫੌਜ਼ ਸਿੱਖਾਂ ਦੇ ਮੋਰਚਿਆਂ ਵਿੱਚ ਤਿੰਨ ਥਾਵਾਂ ਤੇ ਦਾਖਲ ਹੋ ਗਈ ਫਿਰ ਦਿਲ ਛੱਡ ਚੁੱਕੇ ਸਿੱਖ ਖਿਲਰਨੇ ਸ਼ੁਰੂ ਹੋ ਗਏ ।ਸਿੱਖਾਂ ਕੋਲ ਸ਼ਹੀਦ ਹੋਣ ਤੋਂ ਬਿਨਾਂ ਕੋਈ ਹੋਰ ਚਾਰਾ ਨਹੀਂ ਰਹਿ ਗਿਆ ਸੀ। ਦਰਿਆ ਦਾ ਪੁਲ ਤੋੜਿਆ ਹੋਣ ਕਰਕੇ ਸਿੱਖ ਪਿੱਛੇ ਵੀ ਨਹੀਂ ਮੁੜ ਸਕਦੇ ਸਨ।

ਸ਼ਾਮ ਸਿੰਘ ਅਟਾਰੀ ਵਾਲੇ ਨੇ ਅੰਗਰੇਜ਼ਾਂ ਮੂਹਰੇ ਹਥਿਆਰ ਸੁੱਟ ਕੇ ਈਨ ਮੰਨ ਕੇ ਬੇ-ਗੈਰਤਾ ਵਾਲੀ ਮੌਤ ਮਰਨ ਨਾਲੋਂ ਲੜਾਈ ਲੜ ਕੇ ਹੀ ਮਰਨਾ ਠੀਕ ਸਮਝਿਆ। ਸ਼ਾਮ ਸਿੰਘ ਅਟਾਰੀ ਵਾਲੇ ਦੇ ਕਹਿਣ ਤੇ ਸਿੱਖ ਮਿਆਨਾਂ ਵਿੱਚੋਂ ਤਲਵਾਰਾਂ ਕੱਢਕੇ ਜੈਕਾਰੇ ਛੱਡਦੇ ਵੈਰੀਆਂ ਤੇ ਢਹਿ ਪਏ।

ਸ਼ਾਮ ਸਿੰਘ ਅਟਾਰੀ ਨੇ ਤਲਵਾਰ ਨਾਲ ਹੱਥੋ ਹੱਥੀ ਲੜਦਿਆਂ ਵੈਰੀਆਂ ਨੂੰ ਮੌਤ ਦੇ ਲੜ ਲਾਉਂਦਿਆਂ ਅੰਗਰੇਜ਼ ਜਰਨੈਲ ਸਰ ਰਾਬਰਟ ਡਿਕ ਨੂੰ ਮਾਰ ਦਿੱਤਾ। ਫਿਰ ਵੈਰੀਆਂ ਨੇ ਚਾਰੇ ਪਾਸੇ ਤੋਂ ਰਲ ਕੇ ਸ਼ਾਮ ਸਿੰਘ ਅਟਾਰੀ ਵਾਲੇ ਨੂੰ ਘੇਰਾ ਪਾ ਲਿਆ ਉਹ ਸੂਰਮਾਂ ਸੱਤ ਗੋਲੀਆਂ ਖਾ ਕੇ ਦੁਸ਼ਮਣਾਂ ਦਾ ਟਾਕਰਾ ਕਰਦਾ ਹੋਇਆ ਘੋੜੇ ਤੋਂ ਥੱਲੇ ਡਿਗਦੇ ਸਾਰ ਹੀ ਸ਼ਹੀਦੀ ਪਾ ਗਿਆ। ਇਹ ਸਿੱਖ ਰਾਜ ਦੀ ਅੰਗਰੇਜ਼ਾ ਨਾਲ ਅਖ਼ੀਰਲੀ ਲੜਾਈ ਸੀ ਜੋ ਡੋਗਰਿਆਂ ਦੇ ਧੋਖੇ ਨਾਲ ਅੰਗਰੇਜ਼ਾਂ ਨੇ ਦੁਪਿਹਰ ਤੱਕ ਜਿੱਤ ਲਈ ਇਸ ਲੜਾਈ ਦੀ ਹਾਰ ਨਾਲ ਸਿੱਖ ਰਾਜ ਦਾ ਸੂਰਜ ਸਦਾ ਲਈ ਡੁਬ ਗਿਆ।

ਅੰਗਰੇਜ਼ਾਂ ਨੇ ਲੜਾਈ ਦੇ ਮੈਦਾਨ ਵਿੱਚੋਂ ਸਿਰਫ ਸ਼ਾਮ ਸਿੰਘ ਅਟਾਰੀ ਵਾਲੇ ਦੇ ਮ੍ਰਿਤਕ ਸਰੀਰ ਨੂੰ ਹੀ ਚੁੱਕਣ ਦਿੱਤਾ। ਇਸ ਸਿੱਖ ਰਾਜ ਦੇ ਮਹਾਨ ਸ਼ਹੀਦ ਦਾ ਸਸਕਾਰ ਅਟਾਰੀ ਵਿਖੇ 12 ਫ਼ਰਵਰੀ 1846 ਨੂੰ ਕੀਤਾ ਗਿਆ।

# ਕੋਰਟ ਦੀ ਕਮਾਈ ਨਾਲ ਨਹੀਂ ਹੁੰਦਾ ਸੀ ਔਰਤ ਦਾ ਗੁਜ਼ਾਰਾ

# ਵਕਾਲਤ ਛੱਡ ਕਰਨ ਲੱਗੀ ਮਜ਼ਦੂਰੀ

**ਸਟੈਫੋਰਡਸ਼ਾਇਰ, ਯੂਕੇ ਦੀ ਰਹਿਣ ਵਾਲੀ 33 ਸਾਲਾ ਮੌਲੀ ਪੋਲਾਰਡ ਦਾ ਵਿਦਿਆਰਥੀ ਕਰਜ਼ਾ ਲਗਭਗ 45,000 ਪੌਂਡ, ਜਾਂ ਲਗਭਗ 56 ਲੱਖ ਰੁਪਏ ਸੀ। ਸੱਤ ਸਾਲ ਕਾਨੂੰਨੀ ਉਦਯੋਗ ਵਿੱਚ ਕੰਮ ਕਰਨ ਦੇ ਬਾਵਜੂਦ, ਉਸਦੀ ਤਨਖਾਹ ਲਗਭਗ 40 ਲੱਖ ਰੁਪਏ ਤੋਂ ਮੁਸ਼ਕਿਲ ਨਾਲ 53 ਲੱਖ ਰੁਪਏ ਤੱਕ ਵਧੀ। ਇਹ ਪੈਸਾ ਉਸਦੇ ਪਰਿਵਾਰ ਨੂੰ ਪਾਲਣ ਲਈ ਕਾਫ਼ੀ ਨਹੀਂ ਸੀ, ਨਾ ਹੀ ਉਸਦਾ ਭਵਿੱਖ ਸੁਰੱਖਿਅਤ ਜਾਪਦਾ ਸੀ**

।ਇਸ ਦੁਨੀਆ ਵਿੱਚ ਹਰ ਕੋਈ ਕਿਸੇ ਨਾ ਕਿਸੇ ਸਮੇਂ ਬਿਹਤਰ ਚੀਜ਼ ਦੀ ਭਾਲ ਵਿੱਚ ਭਟਕਦਾ ਰਹਿੰਦਾ ਹੈ। ਭਾਵੇਂ ਰਸਤਾ ਡਾਵਾਂਡੋਲ ਲੱਗਦਾ ਹੈ ਜਾਂ ਹਾਲਾਤ ਮੁਸ਼ਕਲ ਹਨ, ਇੱਕ ਵਿਅਕਤੀ ਇੱਕ ਨਵਾਂ ਰਸਤਾ ਲੱਭ ਲੈਂਦਾ ਹੈ। ਸਟੈਫੋਰਡਸ਼ਾਇਰ, ਯੂਕੇ ਦੀ ਰਹਿਣ ਵਾਲੀ 33 ਸਾਲਾ ਮੌਲੀ ਪੋਲਾਰਡ ਦੀ ਕਹਾਣੀ ਇੱਕ ਅਜਿਹੀ ਉਦਾਹਰਣ ਹੈ। ਇਹ ਦਰਸਾਉਂਦੀ ਹੈ ਕਿ ਇੱਕ ਦਲੇਰਾਨਾ ਫੈਸਲਾ ਜੀਵਨ ਭਰ ਬਦਲ ਸਕਦਾ ਹੈ। ਸਾਡੇ ਵਿੱਚੋਂ ਬਹੁਤ ਸਾਰੇ ਹਰ ਰੋਜ਼ ਇੱਕੋ ਜਿਹਾ ਕੰਮ ਕਰਦੇ ਹਨ, ਘੱਟ ਕਮਾਈ ਦਾ ਦਰਦ ਝੱਲਦੇ ਹੋਏ,

ਪਰ ਤਬਦੀਲੀ ਦਾ ਜੋਖਮ ਨਹੀਂ ਲੈਂਦੇ। ਅਸੀਂ ਸ਼ਿਕਾਇਤ ਕਰਦੇ ਹਾਂ, ਪਰ ਕੋਸ਼ਿਸ਼ ਨਹੀਂ ਕਰਦੇ। ਕੁਝ ਅਜਿਹੇ ਵੀ ਹਨ ਜੋ ਮੰਨਦੇ ਹਨ ਕਿ ਜੇਕਰ ਮੌਜੂਦਾ ਰਸਤਾ ਕੰਮ ਨਹੀਂ ਕਰ ਰਿਹਾ ਹੈ, ਤਾਂ ਸਹੀ ਫੈਸਲਾ ਇੱਕ ਵੱਖਰੀ ਦਿਸ਼ਾ ਵਿੱਚ ਜਾਣਾ ਹੈ। ਮੌਲੀ ਉਨ੍ਹਾਂ ਵਿੱਚੋਂ ਇੱਕ ਹੈ। ਦ ਸਨ ਦੇ ਅਨੁਸਾਰ, ਮੌਲੀ ਪੋਲਾਰਡ ਨੇ ਕਦੇ ਸੋਚਿਆ ਵੀ ਨਹੀਂ ਸੀ ਕਿ ਇੱਕ ਦਿਨ ਉਹ ਅਦਾਲਤ ਦੀਆਂ ਫਾਈਲਾਂ ਛੱਡ ਕੇ ਇੱਕ ਸਕੈਫੋਲਡਿੰਗ ਪਲੇਟਫਾਰਮ 'ਤੇ ਖੜ੍ਹੀ ਹੋਵੇਗੀ। ਪਰ ਜਿਸ ਤਰ੍ਹਾਂ ਜ਼ਿੰਦਗੀ ਉਸਨੂੰ ਧੱਕ ਰਹੀ ਸੀ, ਉਸ ਲਈ ਬਦਲਾਅ ਜ਼ਰੂਰੀ ਹੋ ਗਿਆ। ਸਕੈਫੋਲਡਿੰਗ ਇੱਕ ਮਜ਼ਬੂਤ





ਅਸਥਾਈ ਢਾਂਚਾ ਹੈ ਜੋ ਉਸਾਰੀ ਵਾਲੀਆਂ ਥਾਵਾਂ 'ਤੇ ਬਣਾਇਆ ਗਿਆ ਹੈ, ਜਿਸ 'ਤੇ ਮਜ਼ਦੂਰ, ਇੰਜੀਨੀਅਰ ਅਤੇ ਪੇਂਟਰ ਉਚਾਈ 'ਤੇ ਕੰਮ ਕਰਨ ਲਈ ਖੜ੍ਹੇ ਹੁੰਦੇ ਹਨ। ਮੌਲੀ ਦਾ ਲਗਭਗ 45,000 ਪੌਂਡ (ਲਗਭਗ 56 ਲੱਖ ਰੁਪਏ) ਦਾ ਵਿਦਿਆਰਥੀ ਕਰਜ਼ਾ ਸੀ। ਸੱਤ ਸਾਲ ਕਾਨੂੰਨੀ ਉਦਯੋਗ ਵਿੱਚ ਕੰਮ ਕਰਨ ਦੇ ਬਾਵਜੂਦ, ਉਸਦੀ ਤਨਖਾਹ 32,000 ਪੌਂਡ (ਲਗਭਗ 40 ਲੱਖ ਰੁਪਏ) ਤੋਂ ਮੁਸ਼ਕਿਲ ਨਾਲ ਵਧ ਕੇ 42,000 ਪੌਂਡ (ਲਗਭਗ 53 ਲੱਖ ਰੁਪਏ) ਹੋ ਗਈ। ਉਹ ਦ ਸਨ ਨੂੰ ਦੱਸਦੀ ਹੈ ਕਿ ਇਹ ਪੈਸਾ ਘਰ ਦਾ ਗੁਜ਼ਾਰਾ ਚਲਾਉਣ ਲਈ ਕਾਫ਼ੀ ਨਹੀਂ ਸੀ, ਨਾ ਹੀ ਉਸਦਾ ਭਵਿੱਖ ਸੁਰੱਖਿਅਤ ਸੀ। ਮੌਲੀ ਕਹਿੰਦੀ ਹੈ, "ਜੇਕਰ ਮੇਰੇ ਪਤੀ ਟੌਮ ਦੀ ਮਦਦ ਨਾ ਹੁੰਦੀ, ਤਾਂ ਮੈਂ ਅੱਜ ਵੀ ਆਪਣੇ ਮਾਪਿਆਂ ਦੇ ਘਰੋਂ ਬਾਹਰ ਨਹੀਂ ਜਾ ਸਕਦੀ ਸੀ। ਮੈਂ ਸਖ਼ਤ ਮਿਹਨਤ ਕੀਤੀ, ਪਰ ਮੈਨੂੰ ਬਦਲੇ ਵਿੱਚ ਕੁਝ ਨਹੀਂ ਮਿਲ ਰਿਹਾ ਸੀ।"

ਜਦੋਂ ਉਸਦੀ ਜ਼ਿੰਦਗੀ ਵਿੱਚ ਕੁਝ ਵੀ ਬਦਲਦਾ ਨਹੀਂ ਸੀ, ਤਾਂ ਮੌਲੀ ਨੇ ਆਪਣੇ ਆਪ ਨੂੰ ਬਦਲਣਾ ਸ਼ੁਰੂ ਕਰ ਦਿੱਤਾ। ਪਿਛਲੇ ਸਾਲ ਜਨਵਰੀ ਵਿੱਚ, ਉਹ ਆਪਣੇ ਪਤੀ ਟੌਮ ਨਾਲ ਇੱਕ ਸਥਾਨਕ ਸਕੈਫੋਲਡਿੰਗ ਕੰਪਨੀ ਵਿੱਚ ਸ਼ਾਮਲ ਹੋ ਗਈ। ਲੋਕਾਂ ਨੇ ਤਾਂ ਪੁੱਛਿਆ ਵੀ, "ਇੱਕ ਵਕੀਲ ਉਸਾਰੀ ਵਾਲੀ ਥਾਂ 'ਤੇ ਕਿਵੇਂ ਕੰਮ ਕਰ ਸਕਦਾ ਹੈ?" ਬਹੁਤ ਸਾਰੇ ਲੋਕਾਂ ਨੇ ਉਸਦਾ ਮਜ਼ਾਕ ਉਡਾਇਆ, ਕੁਝ ਨੇ ਉਸਨੂੰ ਤਾਅਨੇ ਮਾਰੇ, ਪਰ ਮੌਲੀ ਨੇ ਕਿਸੇ ਦੀਆਂ ਟਿੱਪਣੀਆਂ ਨੂੰ ਨਜ਼ਰਅੰਦਾਜ਼ ਕਰ ਦਿੱਤਾ। ਮੌਲੀ ਹੁਣ ਇੱਕ ਸਕੈਫੋਲਡਰ ਹੈ। ਇਸਦਾ ਮਤਲਬ ਹੈ ਕਿ ਉਹ ਉਸਾਰੀ ਵਾਲੀਆਂ ਥਾਵਾਂ 'ਤੇ ਉਚਾਈ 'ਤੇ ਕੰਮ ਕਰਨ ਲਈ ਸਟੀਲ ਪਾਈਪਾਂ ਅਤੇ ਪਲੇਟਫਾਰਮਾਂ ਦੇ ਮਜ਼ਬੂਤ ਢਾਂਚੇ ਬਣਾਉਂਦੀ ਹੈ,

ਤਾਂ ਜੋ ਮਜ਼ਦੂਰ ਅਤੇ ਇੰਜੀਨੀਅਰ ਸੁਰੱਖਿਅਤ ਢੰਗ ਨਾਲ ਕੰਮ ਕਰ ਸਕਣ। ਇਹ ਇੱਕ ਨੀਲੀ-ਕਾਲਰ ਨੌਕਰੀ ਹੈ, ਪਰ ਤਨਖਾਹ ਚੰਗੀ ਹੈ ਅਤੇ ਕੰਮ ਸਥਿਰ ਹੈ। ਸਕੈਫੋਲਡਿੰਗ ਨੌਕਰੀ ਸ਼ੁਰੂ ਕਰਨ ਤੋਂ ਬਾਅਦ, ਮੌਲੀ ਦੀ ਆਮਦਨ ਲਗਭਗ ਪੰਝੱਤਰ ਪ੍ਰਤੀਸ਼ਤ ਵਧ ਗਈ। ਜਿੱਥੇ ਉਹ ਕਦੇ ਮੁਸ਼ਕਿਲ ਨਾਲ ਗੁਜ਼ਾਰਾ ਕਰਦੀ ਸੀ,

ਉਸਦੀ ਜ਼ਿੰਦਗੀ ਹੁਣ ਬਹੁਤ ਜ਼ਿਆਦਾ ਆਰਾਮਦਾਇਕ ਹੈ। ਮੌਲੀ ਕਹਿੰਦੀ ਹੈ, "ਮੈਂ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਖੁਸ਼ ਹਾਂ। ਮੇਰੀ ਆਮਦਨ ਵਧੀ ਹੈ, ਮੇਰਾ ਕੰਮ ਲਚਕਦਾਰ ਹੈ, ਅਤੇ ਮੇਰੇ ਕੋਲ ਆਪਣੇ ਲਈ ਸਮਾਂ ਹੈ। ਸਕੈਫੋਲਡਿੰਗ ਨੇ ਮੇਰੀ ਜ਼ਿੰਦਗੀ ਨੂੰ ਇੱਕ ਨਵੀਂ ਦਿਸ਼ਾ ਦਿੱਤੀ ਹੈ।" ਅੱਜ, ਮੌਲੀ ਦੀ ਕਹਾਣੀ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀ ਹੈ। ਲੋਕ ਉਸਦੀ ਹਿੰਮਤ ਦੀ ਪ੍ਰਸ਼ੰਸਾ ਕਰ ਰਹੇ ਹਨ, ਕਿਉਂਕਿ ਸਮਾਜ ਅਕਸਰ ਚਿੱਟੇ-ਕਾਲਰ ਨੌਕਰੀਆਂ ਨੂੰ ਜ਼ਿਆਦਾ ਸਮਝਦਾ ਹੈ, ਪਰ ਸੱਚੀ ਖੁਸ਼ੀ ਹਮੇਸ਼ਾ ਉਸ ਕੰਮ ਵਿੱਚ ਮਿਲਦੀ ਹੈ ਜੋ ਸਤਿਕਾਰ, ਸੰਤੁਲਨ ਅਤੇ ਸਥਿਰਤਾ ਪ੍ਰਦਾਨ ਕਰਦਾ ਹੈ। ਮੌਲੀ ਦਾ ਸੰਦੇਸ਼ ਸਪੱਸ਼ਟ ਹੈ: ਕਰੀਅਰ ਬਦਲਣ ਤੋਂ ਨਾ ਡਰੋ। ਤੁਹਾਡੀ ਖੁਸ਼ੀ ਕਿਸੇ ਵੀ ਨੌਕਰੀ ਦੇ ਸਿਰਲੇਖ ਨਾਲੋਂ ਵੱਡੀ ਹੈ।

# ਕੀ ਸਕੂਲੀ ਸਿੱਖਿਆ ਪੂਰਨ ਧਰਮ-ਨਿਰਪੱਖ ਨਹੀਂ ਹੋਣੀ ਚਾਹੀਦੀ ?

ਭਾਰਤੀ ਸੰਵਿਧਾਨ ਧਰਮ-ਨਿਰਪੱਖਤਾ ਦਾ ਹਾਮੀ ਹੈ ਅਤੇ 'ਧਰਮ-ਨਿਰਪੱਖ' ਸ਼ਬਦ, ਭਾਰਤੀ ਸੰਵਿਧਾਨ ਦੀ ਪ੍ਰਸਤਾਵਨਾ ਵਿੱਚ 42ਵੇਂ ਸੰਸ਼ੋਧਨ (1976) ਦੁਆਰਾ ਸ਼ਾਮਿਲ ਕੀਤਾ ਗਿਆ ਸੀ ਇਸ ਲਈ ਭਾਰਤ ਦਾ ਕੋਈ ਅਧਿਕਾਰਿਕ ਰਾਜ ਧਰਮ ਨਹੀਂ ਹੈ। ਲੋਕਤੰਤਰ ਵਿੱਚ ਧਰਮ ਤੋਂ ਰਾਜ ਨੂੰ ਵੱਖਰਾ ਰੱਖਣ ਦਾ ਇੱਕ ਮਹੱਤਵਪੂਰਨ ਕਾਰਨ ਇਹ ਵੀ ਹੈ ਕਿ ਲੋਕਾਂ ਦੇ ਨਿੱਜੀ ਤੌਰ ਤੇ ਧਾਰਮਿਕ ਚੋਣ ਦੇ ਅਧਿਕਾਰ ਦੀ ਰੱਖਿਆ ਕੀਤੀ ਜਾ ਸਕੇ, ਹਰ ਵਿਅਕਤੀ ਆਪਣੀ ਆਸਥਾ ਅਨੁਸਾਰ ਧਰਮ ਅਪਣਾ ਸਕੇ।



ਗੋਬਿੰਦਰ ਸਿੰਘ ਢੀਂਡਸਾ
ਪਿੰਡ ਤੇ ਡਾਕ. ਬਰੜ੍ਹਵਾਲ (ਧੂਰੀ)
ਮੋਬਾਇਲ ਨੰਬਰ - 92560-66000

ਮੌਜੂਦਾ ਸਮੇਂ ਦੌਰਾਨ ਸਰਕਾਰੀ ਸਕੂਲਾਂ ਨਾਲੋਂ ਨਿੱਜੀ (ਪ੍ਰਾਈਵੇਟ) ਸਕੂਲਾਂ ਦਾ ਬੋਲਬਾਲਾ ਜ਼ਿਆਦਾ ਹੈ। ਇਹ ਸਪੱਸ਼ਟ ਵੇਖਣ ਨੂੰ ਮਿਲਦਾ ਹੈ ਕਿ ਵੱਖ-ਵੱਖ ਸੰਸਥਾਵਾਂ ਦੁਆਰਾ ਚਲਾਏ ਜਾ ਰਹੇ ਸਕੂਲਾਂ ਵਿੱਚ ਆਪਣੇ ਆਪਣੇ ਧਰਮ ਵਿਸ਼ੇਸ਼ ਵੱਲ ਝੁਕਾ ਸਦਕਾ, ਸਕੂਲੀ ਸਿੱਖਿਆ ਵਿੱਚ ਸੰਬੰਧਤ ਧਰਮ ਦਾ ਏਕਾਧਿਕਾਰ ਰਹਿੰਦਾ ਹੈ, ਉਹਨਾਂ ਦੀਆਂ ਸਕੂਲੀ ਪ੍ਰਾਥਨਾਵਾਂ ਅਤੇ ਹੋਰ ਗਤੀਵਿਧੀਆਂ ਸੰਬੰਧਤ ਧਰਮ ਦਾ ਪ੍ਰਤੀਨਿਧਤਵ ਕਰਦੀਆਂ ਹਨ॥ ਭਾਰਤੀ ਸੰਵਿਧਾਨ ਦੇ ਅਨੁਛੇਦ 28(1) ਤਹਿਤ ਸਰਕਾਰੀ ਸਕੂਲਾਂ ਵਿੱਚ ਧਾਰਮਿਕ ਨਿਰਦੇਸ਼ ਦੇਣ ਤੇ ਪੂਰਨ ਪਾਬੰਦੀ ਹੈ ਪਰੰਤੂ ਅਨੁਛੇਦ 28(3) ਤਹਿਤ ਮਾਨਤਾ ਪ੍ਰਾਪਤ ਸਕੂਲਾਂ ਅਤੇ ਸਰਕਾਰੀ ਆਰਥਿਕ ਸਹਾਇਤਾ ਪ੍ਰਾਪਤ ਸਕੂਲਾਂ ਵਿੱਚ ਮਾਪਿਆਂ ਦੀ ਸਹਿਮਤੀ ਨਾਲ ਧਾਰਮਿਕ ਨਿਰਦੇਸ਼ ਦੇਣ ਦੀ ਆਗਿਆ ਦਿੰਦਾ ਹੈ। ਸਕੂਲਾਂ ਵਿੱਚ ਸਮਾਜ ਦੇ ਵੱਖ-ਵੱਖ ਵਰਗਾਂ ਦੇ ਵਿਦਿਆਰਥੀ ਸਿੱਖਿਆ ਪ੍ਰਾਪਤ ਕਰਨ ਆਉਂਦੇਹਨ। ਸਵੱਸਥ ਸਮਾਜ ਅਤੇ ਲੋਕਤੰਤਰ ਦੀ ਮਜ਼ਬੂਤੀ ਲਈ ਜ਼ਰੂਰੀ ਹੈ ਕਿ ਸਕੂਲ ਧਰਮ ਨਿਰਪੱਖ ਹੋਣ, ਉਹਨਾਂ ਉੱਪਰ ਕਿਸੇ ਧਰਮ ਦਾ ਖਾਸ ਪ੍ਰਭਾਵ ਨਾ ਹੋਵੇ ਤਾਂ ਜੋ ਵਿਦਿਆਰਥੀਆਂ ਦਾ ਖੁੱਲ੍ਹੇ ਮਾਹੌਲ ਵਿੱਚ ਉਚਿਤ ਵਿਕਾਸ ਹੋ ਸਕੇ। ਧਰਮ ਨਿਰਪੱਖ ਸਕੂਲੀ ਸਿੱਖਿਆ ਤੋਂ ਭਾਵ ਜੋ ਕਿਸੇ ਵੀ ਧਾਰਮਿਕ ਸਿਧਾਂਤ ਤੋਂ ਪੂਰੀ ਤਰ੍ਹਾਂ ਲ਼ਾਂਭੇ ਹੈ ਅਤੇ ਜੋ ਵਿਗਿਆਨਕ ਤਰੱਕੀ ਦੇ ਨਤੀਜਿਆਂ 'ਤੇ ਅਧਾਰਤ ਹੈ, ਅਗਿਆਨਤਾ ਅਤੇ ਇਸ ਦੇ ਪ੍ਰਭਾਵਾਂ ਜਿਵੇਂ ਕਿ ਗੁਲਾਮਤਾ, ਕੱਟੜਤਾ ਅਤੇ ਪੱਖਪਾਤ ਦੇ ਵਿਰੁੱਧ ਲੜਦੀ ਹੈ।

ਧਰਮ ਅਤੇ ਧਾਰਮਿਕ ਸਿੱਖਿਆ ਵਿਅਕਤੀ ਦਾ ਨਿੱਜੀ ਦਾ ਮਸਲਾ ਹੈ ਅਤੇ ਇਸਨੂੰ ਸਮਾਜ ਤੇ ਸਿੱਧੇ-ਅਸਿੱਧੇ ਢੰਗਾਂ ਨਾਲ ਥੋਪਣਾ ਸਹੀ ਨਹੀਂ। ਜਰਮਨ ਤਾਨਾਸ਼ਾਹ ਅਡੋਲਫ਼ ਹਿਟਲਰ ਨੇ ਕਿਹਾ ਸੀ, 'ਮੈਨੂੰ ਕਿਤਾਬਾਂ ਤੇ ਨਿਯੰਤ੍ਰਣ ਕਰਨ ਦਿਓ ਅਤੇ ਮੈਂ ਜਰਮਨੀ ਨੂੰ ਕਬਜ਼ੇ ਵਿੱਚ ਕਰ ਲਵਾਂਗਾ।' ਧਰਮ, ਤਾਨਾਸ਼ਾਹੀ ਚਾਹੁੰਦਾ ਹੈ ਅਤੇ ਸਿੱਖਿਆ ਵਿੱਚ 'ਧਰਮ ਦੀ ਅਫੀਮ' ਦਾ ਨਸ਼ਾ ਕਿਸੇ ਵੀ ਸਮਾਜ ਤੇ ਕਾਬੂ ਪਾਉਣ ਦਾ ਸਭ ਤੋਂ ਕਾਰਗਾਰ ਹਥਿਆਰ ਹੈ।

ਸ਼ਬਦ 'ਧਰਮ-ਨਿਰਪੱਖ' ਪਹਿਲੀ ਵਾਰ ਬ੍ਰਿਟਿਸ਼ ਲੇਖਕ ਜਾਰਜ ਜੇਕਬ ਹੋਲਿਓਕੇ ਦੁਆਰਾ 1851 ਵਿੱਚ ਵਰਤਿਆ ਗਿਆ ਸੀ। ਹਾਲਾਂਕਿ ਇਹ ਸ਼ਬਦ ਨਵਾਂ ਸੀ, ਪਰ ਅਜ਼ਾਦ ਵਿਚਾਰਾਂ ਵਾਲਿਆਂ ਦੀ ਆਮ ਧਾਰਣਾ ਉਸ ਉੱਤੇ ਅਧਾਰਿਤ ਸੀ, ਜੋ ਇਤਿਹਾਸ ਵਿੱਚ ਮੌਜੂਦ ਸੀ। ਧਾਰਮਿਕ ਮਜ਼ਹਬ ਨੂੰ ਖਾਰਜ ਕਰਦੇ ਜਾਂ ਉਸ ਦੀ ਆਲੋਚਨਾ ਕਰਨ ਤੋਂ ਬਿਨਾਂ, ਹੋਲਿਓਕੇ ਨੇ ਧਰਮ ਤੋਂ ਅਲਗ ਸਮਾਜਿਕ ਕ੍ਰਮ ਨੂੰ ਉਤਸ਼ਾਹਿਤ ਕਰਨ ਦੇ ਆਪਣੇ ਵਿਚਾਰਾਂ ਨੂੰ ਬਿਆਨ ਕਰਨ ਲਈ ਧਰਮ ਨਿਰਪੱਖਤਾ ਦੀ ਸ਼ਰਤ ਦੀ ਸਿਰਜਣਾ ਕੀਤੀ।

ਧਰਮ ਨਿਰਪੱਖਤਾ ਇੱਕ ਵਿਚਾਰਧਾਰਕ ਵਰਤਮਾਨ ਹੈ ਜੋ ਇਸ ਗੱਲ ਦਾ ਬਚਾਅ ਕਰਦੀ ਹੈ ਕਿ ਜਨਤਕ ਜੀਵਨ ਵਿੱਚ ਰਾਜ ਅਤੇ ਧਰਮ ਨੂੰ ਵੱਖ ਕੀਤਾ ਜਾਣਾ ਚਾਹੀਦਾ ਹੈ। ਧਰਮ ਨਿਰਪੱਖਤਾ ਧਾਰਮਿਕ ਸੰਸਥਾਵਾਂ ਦੇ ਜਨਤਕ ਜੀਵਨ ਨੂੰ ਪ੍ਰਭਾਵਿਤ ਕਰਨ ਤੋਂ ਦੂਰ ਰਹਿਣ ਦੀ ਮਹੱਤਤਾ ਵੱਲ ਇਸ਼ਾਰਾ ਕਰਦੀ ਹੈ। ਫਰਾਂਸ ਵਿੱਚ ਫਰਾਂਸੀਸੀ ਕ੍ਰਾਂਤੀ ਤੋਂ ਬਾਅਦ ਰਾਜ ਚਰਚ ਤੋਂ ਵੱਖ ਹੋਣਾ ਸ਼ੁਰੂ ਹੋ ਗਿਆ ਅਤੇ ਇੱਕ ਪਹਿਲੂ ਜੋ ਇਸ ਨਵੀਂ ਪ੍ਰਣਾਲੀ ਨੇ ਲਾਗੂ ਕੀਤਾ ਸੀ, ਉਹ ਸੀ ਧਰਮ ਨਿਰਪੱਖ ਸਕੂਲਾਂ ਅਤੇ ਯੂਨੀਵਰਸਿਟੀਆਂ ਦਾ ਹੋਣਾ, ਭਾਵ ਧਾਰਮਿਕ ਸਿਖਲਾਈ ਜਾਂ ਸਮੱਗਰੀ ਤੋਂ ਬਿਨਾਂ।

ਇਹ ਸੋਚਣ ਲਈ ਮਜ਼ਬੂਰ ਕਰਦਾ ਹੈ ਕਿ ਭਾਰਤ ਵਰਗੇ ਵਿਭਿੰਨਤਾਵਾਂ ਵਾਲੇ ਦੇਸ਼ ਵਿੱਚ ਧਰਮ-ਨਿਰਪੱਖਤਾ ਐਨੀ ਕਮਜ਼ੋਰ ਨੀਂਹ ਤੇ ਕਿਉਂ ਖੜੀ ਹੈ ? ਜਿਵੇਂ ਕਿਹਾ ਜਾਂਦਾ ਹੈ ਕਿ ਧਰਮ ਇੱਕ ਹੱਦ ਤੱਕ ਲੋਕਾਂ ਨੂੰ ਜੋੜਦਾ ਹੈ, ਆਪਣੇ ਹੀ ਧਰਮ ਦੀ ਸਰਵ-ਉੱਚਤਾ, ਕੱਟੜਪੁਣਾ ਆਉਂਦੇਹੀ ਉਹ ਸਵੱਸਥ ਸਮਾਜ ਦਾ ਵਿਰੋਧੀ ਹੋ ਨਿਬੜਦਾ ਹੈ। ਸਕੂਲੀ ਧਾਰਮਿਕ ਸਿੱਖਿਆ ਵਿੱਚ ਪਿਆਰ, ਸ਼ਾਂਤੀ-ਅਹਿੰਸਾ ਅਤੇ ਇਨਸਾਨੀਅਤ ਦੀ ਗਾਰੰਟੀ ਨਹੀਂ ਹੈ ਤਾਂ ਫਿਰ ਕਿਉਂ ਨਹੀਂ ਅਜਿਹੀ ਸਿੱਖਿਆ ਨੂੰ ਸਕੂਲੀ ਸਿੱਖਿਆ ਤੋਂ ਦੂਰ ਰੱਖਿਆ ਜਾਵੇ ਤਾਂ ਜੋ ਵਿਦਿਆਰਥੀਆਂ ਨੂੰ ਯੋਗ ਅਤੇ ਅਗਾਂਹਵਧੂ ਸਿੱਖਿਆ ਦਿੱਤੀ ਜਾ ਸਕੇ ਜੋ ਉਹਨਾਂ ਦੇ ਵਿਕਾਸ ਦੇ ਨਾਲ ਨਾਲ ਇੱਕ ਚੰਗੇ ਸਮਾਜ ਦੀ ਸਿਰਜਣਾ ਵਿੱਚ ਵੀ ਸਹਾਈ ਹੋਵੇ।

## ਦੁਨੀਆ ਨੇ ਵ੍ਹਾਈਟ ਹਾਊਸ ਦੀ ਸੋਸ਼ਲ ਮੀਡੀਆ ਪੋਸਟ ਦਾ ਮਜ਼ਾਕ ਉਡਾਇਆ

# ਟਰੰਪ ਨੂੰ ਪੈਂਗੁਇਨ ਮੀਮ ਟ੍ਰੈਂਡ ਵਿੱਚ ਕੀਤਾ ਗਿਆ ਟ੍ਰੋਲ

**ਵ੍ਹਾਈਟ ਹਾਊਸ ਦੁਆਰਾ ਗ੍ਰੀਨਲੈਂਡ ਸੰਬੰਧੀ ਸਾਂਝੀ ਕੀਤੀ ਗਈ ਡੋਨਾਲਡ ਟਰੰਪ ਦੀ ਇੱਕ ਫੋਟੋ ਸੋਸ਼ਲ ਮੀਡੀਆ 'ਤੇ ਇੱਕ ਮਜ਼ਾਕ ਬਣ ਗਈ। ਫੋਟੋ ਵਿੱਚ ਟਰੰਪ ਨੂੰ ਇੱਕ ਪੈਂਗੁਇਨ ਨਾਲ ਦਿਖਾਇਆ ਗਿਆ ਹੈ, ਭਾਵੇਂ ਕਿ ਪੈਂਗੁਇਨ ਸਿਰਫ ਦੱਖਣੀ ਗੋਲਿਸਫਾਇਰ (ਅੰਟਾਰਕਟਿਕਾ) ਵਿੱਚ ਪਾਏ ਜਾਂਦੇ ਹਨ।**

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਗ੍ਰੀਨਲੈਂਡ ਸੰਬੰਧੀ ਯੂਰਪ 'ਤੇ ਲਗਾਏ ਗਏ ਟੈਰਿਫ ਨੂੰ ਅਸਥਾਈ ਤੌਰ 'ਤੇ ਮੁਅੱਤਲ ਕਰ ਦਿੱਤਾ ਹੋ ਸਕਦਾ ਹੈ, ਪਰ ਉਨ੍ਹਾਂ ਦੇ ਆਰਕਟਿਕ ਸੁਪਨੇ ਅਜੇ ਖਤਮ ਨਹੀਂ ਹੋਏ ਹਨ। ਵ੍ਹਾਈਟ ਹਾਊਸ ਨੇ ਸ਼ਨੀਵਾਰ ਨੂੰ ਇਸ ਨੁਕਤੇ ਨੂੰ ਦੁਹਰਾਇਆ ਜਦੋਂ ਇਸਨੇ ਟਰੰਪ ਦੀ ਇੱਕ ਪੈਂਗੁਇਨ ਨਾਲ ਗ੍ਰੀਨਲੈਂਡ ਵੱਲ ਤੁਰਨ ਦੀ ਇੱਕ ਫੋਟੋ ਪੋਸਟ ਕੀਤੀ। ਫੋਟੋ ਦਾ ਕੈਪਸ਼ਨ "ਪੈਂਗੁਇਨ ਨੂੰ ਗਲੇ ਲਗਾਓ" ਸੀ। ਹਾਲਾਂਕਿ, ਪੋਸਟ ਜਲਦੀ ਹੀ ਇੰਟਰਨੈੱਟ 'ਤੇ ਮਜ਼ਾਕ ਦਾ ਵਿਸ਼ਾ ਬਣ ਗਈ, ਕਿਉਂਕਿ ਪੈਂਗੁਇਨ ਗ੍ਰੀਨਲੈਂਡ ਵਿੱਚ ਨਹੀਂ ਮਿਲਦੇ। ਪੈਂਗੁਇਨ ਸਿਰਫ ਦੱਖਣੀ ਗੋਲਿਸਫਾਇਰ ਵਿੱਚ ਰਹਿੰਦੇ ਹਨ, ਜਿਨ੍ਹਾਂ ਦੀ ਸਭ ਤੋਂ ਵੱਡੀ ਆਬਾਦੀ ਅੰਟਾਰਕਟਿਕਾ ਵਿੱਚ ਪਾਈ ਜਾਂਦੀ ਹੈ। ਦੂਜੇ ਪਾਸੇ, ਗ੍ਰੀਨਲੈਂਡ ਉੱਤਰੀ ਗੋਲਿਸਫਾਇਰ ਵਿੱਚ ਸਥਿਤ ਹੈ। ਵ੍ਹਾਈਟ ਹਾਊਸ ਦੀ ਇਸ ਗਲਤੀ ਨੂੰ ਸੋਸ਼ਲ ਮੀਡੀਆ ਉਪਭੋਗਤਾਵਾਂ ਦੁਆਰਾ ਤੁਰੰਤ ਦੇਖਿਆ ਗਿਆ, ਅਤੇ ਟਿੱਪਣੀ ਭਾਗ ਨੇ ਤਿੱਖੀ ਟ੍ਰੋਲਿੰਗ ਸ਼ੁਰੂ ਕਰ ਦਿੱਤੀ। ਬਹੁਤ ਸਾਰੇ ਟਵਿੱਟਰ ਉਪਭੋਗਤਾਵਾਂ ਨੇ ਆਪਣੀਆਂ ਖੁਦ ਦੀਆਂ AI-ਤਿਆਰ ਕੀਤੀਆਂ ਤਸਵੀਰਾਂ ਸਾਂਝੀਆਂ ਕੀਤੀਆਂ, ਜਿਸ ਨਾਲ ਵ੍ਹਾਈਟ ਹਾਊਸ ਨੂੰ "ਅਸਲੀਅਤ ਜਾਂਚ" ਮਿਲੀ, ਅਤੇ ਪੋਸਟ ਦਾ ਮਜ਼ਾਕ ਉਡਾਇਆ ਗਿਆ।



ਇਸ ਰਿਪੋਰਟ ਦੇ ਅਨੁਸਾਰ, ਪੋਸਟ ਨੂੰ 10 ਮਿਲੀਅਨ ਤੋਂ ਵੱਧ ਵਿਊਜ਼ ਮਿਲੇ ਸਨ। ਕੁਝ ਉਪਭੋਗਤਾਵਾਂ ਨੇ ਇਹ ਵੀ ਦੇਖਿਆ ਕਿ ਟਰੰਪ ਦੇ ਪਿੱਛੇ ਦਿਖਾਈ ਦੇਣ ਵਾਲੇ ਪੈਰਾਂ ਦੇ ਨਿਸ਼ਾਨ ਮਨੁੱਖੀ ਪੈਰਾਂ ਦੇ ਨਿਸ਼ਾਨਾਂ ਨਾਲ ਮਿਲਦੇ-ਜੁਲਦੇ ਨਹੀਂ ਸਨ। ਇੱਕ ਵਿਅਕਤੀ ਨੇ ਵਿਅੰਗਮਈ ਟਿੱਪਣੀ ਕੀਤੀ, "ਚੰਗਾ ਕੋਸ਼ਿਸ਼, ਪਰ ਪੈਂਗੁਇਨ ਗ੍ਰੀਨਲੈਂਡ ਵਿੱਚ ਨਹੀਂ ਮਿਲਦੇ।" ਇਸ ਦੌਰਾਨ, ਯੂਕੇ ਕੈਬਨਿਟ ਦਫਤਰ ਦੇ ਚੀਫ਼ ਮਾਊਜ਼ਰ ਦੇ ਅਧਿਕਾਰਤ ਐਕਸ ਖਾਤੇ ਨੇ ਵੀ ਇੱਕ ਹਾਸੋਹੀਣੀ ਟਿੱਪਣੀ ਦੇ ਨਾਲ ਜਵਾਬ ਦਿੱਤਾ, ਲਿਖਿਆ, "ਬਿੱਲੀਆਂ ਦੀ ਜਾਂਚ: ਪੈਂਗੁਇਨ ਸਿਰਫ ਦੱਖਣੀ ਗੋਲਿਸਫਾਇਰ ਵਿੱਚ ਮਿਲਦੇ ਹਨ।" ਟਰੰਪ ਪਿਛਲੇ ਕਈ ਮਹੀਨਿਆਂ ਤੋਂ ਗ੍ਰੀਨਲੈਂਡ ਵਿੱਚ ਇੱਕ ਅਸਾਧਾਰਨ ਪੱਧਰ ਦੀ ਦਿਲਚਸਪੀ ਦਿਖਾ ਰਹੇ ਹਨ। ਉਹ ਕਹਿੰਦੇ ਹਨ ਕਿ ਇਹ ਆਰਕਟਿਕ ਖੇਤਰ ਅਮਰੀਕੀ ਰਾਸ਼ਟਰੀ ਸੁਰੱਖਿਆ ਲਈ ਮਹੱਤਵਪੂਰਨ ਹੈ। ਨਤੀਜੇ ਵਜੋਂ, ਉਸਨੇ ਲੰਬੇ ਸਮੇਂ ਤੋਂ ਡੈਨਮਾਰਕ, ਜੋ ਗ੍ਰੀਨਲੈਂਡ ਨੂੰ ਨਿਯੰਤਰਿਤ ਕਰਦਾ ਹੈ, 'ਤੇ ਦਬਾਅ ਪਾਇਆ ਹੈ ਕਿ ਜੇਕਰ ਕੋਈ ਸਮਝੌਤਾ ਨਹੀਂ ਹੁੰਦਾ ਹੈ ਤਾਂ ਫੌਜੀ ਤਾਕਤ ਦੀ ਵਰਤੋਂ ਕਰਕੇ ਇਸ ਖੇਤਰ ਦਾ ਕੰਟਰੋਲ ਹਾਸਲ ਕੀਤਾ ਜਾਵੇ। ਸੋਸ਼ਲ ਮੀਡੀਆ 'ਤੇ ਘੁੰਮ ਰਹੇ ਪੈਂਗੁਇਨ ਦਾ ਵੀਡੀਓ ਅਸਲ ਵਿੱਚ ਵਰਨਰ ਹਰਜ਼ੋਗ ਦੀ 2007 ਦੀ ਦਸਤਾਵੇਜ਼ੀ "ਐਨਕਾਊਂਟਰਸ ਐਟ ਦ ਐਂਡ ਆਫ਼ ਦ ਵਰਲਡ" ਦਾ ਇੱਕ ਦ੍ਰਿਸ਼ ਹੈ। ਫੁਟੇਜ ਵਿੱਚ ਇੱਕ ਪੈਂਗੁਇਨ ਆਪਣੀ ਕਲੋਨੀ ਤੋਂ ਭਟਕਦਾ ਅਤੇ ਅੰਟਾਰਕਟਿਕਾ ਵੱਲ ਇਕੱਲਾ ਤੁਰਦਾ ਦਿਖਾਇਆ ਗਿਆ ਹੈ। ਵ੍ਹਾਈਟ ਹਾਊਸ ਨੇ ਵੀ ਇੱਕ ਫੋਟੋ ਪੋਸਟ ਕੀਤੀ, ਰੁਝਾਨ ਵਿੱਚ ਸ਼ਾਮਲ ਹੋ ਰਿਹਾ ਹੈ।

# ਬਹੁਤ ਜਿਆਦਾ ਵਧ ਰਹੇ ਹਨ ਭਾਰਤ ਵਿੱਚ ਵਿਦਿਆਰਥੀਆਂ ਦੇ ਖੁਦਕੁਸ਼ੀ ਮਾਮਲੇ

ਬਹੁਤ ਦੁੱਖਦਾਈ ਖਬਰ ਹੈ ਕਿ ਭਾਰਤ ਦੇ ਨੈਸ਼ਨਲ ਕਰਾਈਮ ਬਿਊਰੋ ਡਾਟਾ (ਐਨ.ਸੀ.ਆਰ.ਬੀ.)ਵੱਲੋਂ ਜਾਰੀ ਕੀਤੀ ਗਈ ਰਿਪੋਰਟਮੁਤਾਬਕ ਸਾਲ 2020 ਅਤੇ 2021 ਦੇ ਦੌਰਾਨ ਕ੍ਰਮਵਾਰ 12526 ਅਤੇ 13200 ਵਿਦਿਆਰਥੀਆਂ ਨੇ ਖੁਦਕੁਸ਼ੀ ਕੀਤੀ ਹੈ। ਇਹ ਦਿਹਾੜੀਦਾਰਾਂ(42004), ਘਰੇਲੂ ਔਰਤਾਂ (23179), ਨੌਕਰੀ ਪੇਸ਼ਾ (20231) ਅਤੇ ਬੇਰੋਜ਼ਗਾਰਾਂ(13714) ਤੋਂ ਬਾਅਦ 6ਵੀਂ ਸਭ ਤੋਂ ਵੱਡੀ ਗਿਣਤੀ ਹੈ। 2010 ਤੋਂ ਬਾਅਦ ਵਿਦਿਆਰਥੀਆਂ ਦੀ ਖੁਦਕੁਸ਼ੀ ਦਰ ਹਰ ਸਾਲ 4.5% ਦੇ ਹਿਸਾਬ ਨਾਲ ਵਧਦੀ ਜਾ ਰਹੀ ਹੈ। ਕਿਸਾਨ ਖੁਦਕੁਸ਼ੀਆਂ ਵੀ ਬਹੁਤ ਜਿਆਦਾ ਹੋ ਰਹੀਆਂ ਹਨ। ਪਰ ਇਹਨਾਂ ਬਾਰੇ ਸੂਬਿਆਂ ਅਤੇ ਕੇਂਦਰ ਦਾ ਡਾਟਾ ਆਪਸ ਵਿੱਚ ਮੇਲ ਨਹੀਂ ਖਾਂਦਾ,ਜਿਸ ਕਾਰਨ ਇਹਨਾਂ ਬਾਰੇ ਸਟੀਕਤਾ ਨਾਲ ਕੁਝ ਕਿਹਾ ਨਹੀਂ ਜਾ ਸਕਦਾ।ਕੇਰਲ, ਛੱਤੀਸਗੜ੍ਹ, ਮਹਾਰਾਸ਼ਟਰ, ਮੱਧ ਪ੍ਰਦੇਸ਼ਅਤੇ ਤਾਮਿਲਨਾਡੂ ਵਰਗੇ ਪੜ੍ਹੇ ਲਿਖੇ ਸੂਬਿਆਂਵਿੱਚ ਸਭ ਤੋਂ ਵੱਧ ਵਿਦਿਆਰਥੀ ਖੁਦਕੁਸ਼ੀਆਂ ਕਰ ਰਹੇ ਹਨ।ਐਨ.ਸੀ.ਆਰ.ਬੀ. ਦੇ ਡਾਟੇ ਤੋਂ ਪਤਾ ਲੱਗਦਾ ਹੈ ਕਿ ਭਾਰਤ ਵਿੱਚ ਨੌਜਵਾਨਾਂ ਦੇ ਹਾਲਾਤ ਕਿੰਨੀ ਭਿਆਨਕ ਅਵਸਥਾ ਵਿੱਚ ਪਹੁੰਚ ਚੁੱਕੇ ਹਨ।ਵਿਦਿਆਰਥੀਆਂ ਦੀ ਖੁਦਕੁਸ਼ੀ ਦਾ ਸਿੱਧਾ ਸਬੰਧ ਪ੍ਰੋਫੈਸ਼ਨਲ ਕੋਰਸਾਂ ਵਿੱਚ ਦਾਖਲੇ ਲਈ ਚੱਲ ਰਹੀ ਮਾਰਾ ਮਾਰੀ ਅਤੇ ਬੇਰੋਜ਼ਗਾਰੀ ਹੈ। ਇਹ ਤੱਥ ਇਸ ਗੱਲ ਤੋਂ ਸਾਬਤ ਹੁੰਦਾ ਹੈ ਕਿ ਕਰੋਨਾ ਕਾਲ (2020) ਵੇਲੇ ਖੁਦਕੁਸ਼ੀਆਂ ਦੀ ਦਰ ਇੱਕ ਦਮ ਹੇਠਾਂ ਆ ਗਈ ਸੀ, ਕਿਉਂਕਿ ਉਸ ਵੇਲੇ ਸਕੂਲ ਕਾਲਜ ਬੰਦ ਹੋ ਗਏ ਸਨ।ਵਿਦਿਆਰਥੀ ਖੁਦਕੁਸ਼ੀ ਮਾਮਲਿਆਂ ਨੂੰ ਘੋਖਣ ਤੋਂ ਇਹ ਗੱਲ ਸਾਹਮਣੇ ਆਈ ਹੈ ਕਿ ਲੜਕੀਆਂ ਦੀ ਖੁਦਕੁਸ਼ੀ ਦਰ (43%) ਲੜਕਿਆਂ (57%) ਦੀ ਬਨਿਸਬਤ ਘੱਟ ਹੈ। ਬਚਪਨ ਤੋਂ ਹੀ ਘਰ ਅਤੇ ਸਮਾਜ ਵਿੱਚ ਔਖੇ ਹਾਲਾਤ ਦਾ ਸਾਹਮਣਾ ਕਰਨ ਕਾਰਨ ਲੜਕੀਆਂ ਲੜਕਿਆਂ ਤੋਂ ਜਿਆਦਾ ਦਬਾਅ ਝੱਲਣ ਦੇ ਕਾਬਲ ਬਣ ਜਾਂਦੀਆਂ ਹਨ।2017 ਵਿੱਚ 4711 ਲੜਕੀਆਂ ਨੇ ਖੁਦਕੁਸ਼ੀ ਕੀਤੀ ਸੀ ਤੇ ਇਹ ਗਿਣਤੀ 2021 ਵਿੱਚ 5693 ਹੋ ਗਈ ਹੈ। ਸਭ ਤੋਂ ਵੱਧ ਖੁਦਕੁਸ਼ੀਆਂ ਦਸਵੀਂ ਤੋਂ ਲੈ ਕੇ ਗਰੈਜੂਏਟ ਪੱਧਰ ਦੀ ਪੜ੍ਹਾਈ ਕਰ ਰਹੇ ਵਿਦਿਆਰਥੀਆਂ ਵੱਲੋਂ ਕੀਤੀਆਂ ਜਾ ਰਹੀਆਂ ਹਨ।ਇਹ ਹੀ ਉਹ ਸਮਾਂ ਹੁੰਦਾ ਜਦੋਂ ਵਿਦਿਆਰਥੀ ਪਲੱਸ ਟੂ ਕਰਨ ਤੋਂ ਬਾਅਦ ਕਿਸੇ ਵਧੀਆ ਪ੍ਰੋਫੈਸ਼ਨਲ ਕੋਰਸ ਵਿੱਚ ਦਾਖਲਾ ਹਾਸਲ ਕਰਨ ਜਾਂ ਨੌਕਰੀ ਪ੍ਰਾਪਤ ਕਰਨ ਲਈ ਮੁਕਾਬਲੇ ਦੀ ਤਿਆਰੀ ਕਰਦੇ ਹਨ। ਇਸ ਵੇਲੇ ਭਾਰਤੀਆਂ ਵਿੱਚ ਆਪਣੇ ਬੱਚਿਆਂ ਨੂੰ ਰਾਜਸਥਾਨ ਵਿਚਲੇ ਪ੍ਰਸਿੱਧ (ਪਰ ਹੁਣ ਖੁਦਕੁਸ਼ੀਆਂ ਕਾਰਨ ਬਦਨਾਮ ਹੋ ਚੁੱਕੇ) ਕੋਟੇ ਦੇ ਟਿਊਸ਼ਨ ਸੈਂਟਰਾਂ ਵਿੱਚ ਦਾਖਲ ਕਰਵਾਉਣ ਦੀ ਹੋੜ ਮੱਚੀ ਹੋਈ ਹੈ ਜਿੱਥੇ 2011 ਤੋਂ ਲੈ ਕੇ ਹੁਣ ਤੱਕ 150 ਦੇ ਕਰੀਬ ਵਿਦਿਆਰਥੀ ਖੁਦਕੁਸ਼ੀਆਂ ਕਰ ਚੁੱਕੇ ਹਨ। ਇਹ ਭਾਰਤ ਤੇ ਸ਼ਾਇਦ ਵਿਸ਼ਵ ਦਾ ਇੱਕੋ ਇੱਕ ਸ਼ਹਿਰ ਹੋਵੇਗਾ ਜਿੱਥੇ ਐਨੀ ਵੱਡੀ ਗਿਣਤੀ ਵਿੱਚ ਵਿਦਿਆਰਥੀ ਖੁਦਕੁਸ਼ੀਆਂ ਕਰਦੇ ਹਨ। ਕੋਟੇ ਦੇ ਟਿਊਸ਼ਨ ਸੈਂਟਰਵੀ ਬੱਚਿਆਂ ਦੇ ਦਿਮਾਗ ਵਿੱਚ ਕੁਝ ਘੋਲ ਕੇ ਨਹੀਂ ਪਾ ਦਿੰਦੇ। ਚੰਡੀਗੜ੍ਹ ਸਮੇਤ ਭਾਰਤ ਦੇ ਜਿੰਨੇ ਵੀ ਪ੍ਰਸਿੱਧ ਟਿਊਸ਼ਨ ਸੈਂਟਰ ਹਨ, ਸਭ ਦੁਕਾਨਾਂ ਦਾ ਰੂਪ ਧਾਰਨ ਕਰ ਚੁੱਕੇ ਹਨ। ਮੋਟੀਆਂ ਫੀਸਾਂ ਲੈਣ ਦੇ ਬਾਵਜੂਦ ਵੀ ਕਮਜ਼ੋਰ ਵਿਦਿਆਰਥੀਆਂ ਦਾ ਪੱਧਰ ਉੱਪਰ ਚੁੱਕਣ ਲਈ ਕੋਈ ਵਿਸ਼ੇਸ਼ ਉਪਰਾਲਾ ਨਹੀਂ ਕੀਤਾ ਜਾਂਦਾ। ਟਿਊਟਰ ਲੈਕਚਰ ਅਤੇ ਹੋਮ ਵਰਕ ਦੇ ਕੇ ਤੁਰਦੇ ਬਣਦੇ ਹਨ। ਕੁਝ ਸਾਲ ਪਹਿਲਾਂ ਮੇਰੇ ਇੱਕ ਵਾਕਿਫ ਆਦਮੀ ਨੇ ਆਪਣੇ ਲੜਕੇ ਨੂੰ ਕੋਟੇ ਦੇ ਇੱਕ ਟਿਊਸ਼ਨ ਸੈਂਟਰ ਵਿੱਚ ਨੀਟ ਦੀ ਤਿਆਰੀ ਲਈ ਦਾਖਲ ਕਰਵਾਇਆ ਸੀ ਕਿਉਂਕਿ ਲੜਕਾ ਪੜ੍ਹਾਈ ਵਿੱਚ ਥੋੜ੍ਹਾ ਜਿਹਾ ਕਮਜ਼ੋਰ ਸੀ। ਇੱਕ ਸਾਲ ਦੀ ਪੜ੍ਹਾਈ ਅਤੇ ਚਾਰ ਲੱਖ ਰੁਪਿਆ ਖਰਚਣ ਤੋਂ ਬਾਅਦ ਵੀ ਉਸ ਦੀ ਵਿਦਿਆਕ ਯੋਗਤਾ ਵਿੱਚ ਕੋਈ ਸੁਧਾਰ ਨਾ ਆਇਆ, ਸਗੋਂ ਟਿਊਟਰ ਉਸ ਨੂੰ ਨਲਾਇਕ ਕਹਿ ਕੇ ਬੇਇਜ਼ੱਤ ਕਰਨ ਲੱਗ ਪਏ। ਲੜਕਾ ਡਿਪਰੈਸ਼ਨ ਵਿੱਚ ਚਲਾ ਗਿਆ ਤੇ ਆਤਮਹੱਤਿਆ ਦੀ ਧਮਕੀ ਦੇਣ ਲੱਗ ਪਿਆ ਜਿਸ ਕਾਰਨ ਉਸ ਨੂੰ ਵਾਪਸ ਲਿਆਉਣਾ ਪਿਆ। ਇਥੇ ਆ ਕੇ ਉਹ ਆਰਟਸ ਵਿੱਚ ਬਹੁਤ ਵਧੀਆ ਚੱਲ ਪਿਆ ਤੇ ਚੰਗੇ ਨੰਬਰਾਂ ਵਿੱਚ ਗਰੈਜੂਏਸ਼ਨ ਕਰਨ ਤੋਂ ਬਾਅਦ ਹੁਣ ਪੰਚਾਇਤ ਵਿਭਾਗ ਵਿੱਚ ਚੰਗੀ ਪੋਸਟ 'ਤੇ ਤਾਇਨਾਤ ਹੈ।ਵਿਦਿਆਰਥੀਆਂ ਦੀਆਂ ਖੁਦਕਸ਼ੀਆਂ ਦੇ ਚਾਰ ਸਭ ਤੋਂ ਵੱਡੇ ਕਾਰਨ ਹਨ। ਮਾਪਿਆਂ ਦੀਆਂ ਬੇਹੱਦ ਉੱਚੀਆਂਖਾਹਿਸ਼ਾਂ, ਸਮਝ ਵਿੱਚ ਨਾ ਆਉਣ ਵਾਲੇ ਕਰੜੇ ਵਿਸ਼ੇ ਚੁਣਨ ਦੀ ਮਜ਼ਬੂਰੀ,

**ਬਲਰਾਜ ਸਿੰਘ ਸਿੱਧੂ ਕਮਾਂਡੈਂਟ**
**ਪੰਡੋਰੀ ਸਿੱਧਵਾਂ 9501100062**

ਫੇਲ੍ਹ ਹੋਣ ਦਾ ਡਰ ਅਤੇ ਘਰੋਂ ਭਾਵਨਾਤਮਿਕ ਸਹਾਇਤਾਦਾ ਨਾ ਮਿਲਣਾ। ਪੱਛਮੀ ਦੇਸ਼ਾਂ ਵਿੱਚ ਦਸਵੀਂ ਕਰਨ ਤੋਂ ਬਾਅਦ ਬੱਚੇ ਨੂੰ ਆਪਣੀ ਮਨਮਰਜ਼ੀ ਮੁਤਾਬਕ ਪੜ੍ਹਾਈ ਲਿਖਾਈ ਕਰਨ ਦੀ ਅਜ਼ਾਦੀ ਦੇ ਦਿੱਤੀ ਜਾਂਦੀ ਹੈ। ਪਰ ਭਾਰਤ ਵਿੱਚ ਮਾਪੇ ਚਾਹੁੰਦੇ ਹਨ ਕਿ ਬੱਚਾ ਉਹ ਬਣੇ ਜੋ ਅਸੀਂ ਚਾਹੁੰਦੇ ਹਾਂ। ਆਈ.ਆਈ.ਟੀ., ਡਾਕਟਰ ਅਤੇ ਇੰਜੀਨੀਅਰ ਤੋਂ ਘੱਟ ਕੋਈ ਗੱਲ ਵੀ ਨਹੀਂ ਸੁਣਨਾ ਚਾਹੁੰਦਾ। ਜੇ ਬੱਚਾ ਆਟਰਸ ਦੀ ਪੜ੍ਹਾਈ ਕਰ ਰਿਹਾ ਹੈ ਤਾਂ ਘਰ ਵਾਲੇ ਉਸ ਬਾਰੇ ਦੱਸਣ ਵਿੱਚ ਸ਼ਰਮ ਮਹਿਸੂਸ ਕਰਦੇ ਹਨ। ਜੇ ਬੱਚੇ ਦਾ ਦਿਮਾਗ ਸਾਇੰਸ ਜਾਂ ਮੈਥ ਵੱਲ ਨਹੀਂ ਚੱਲਦਾ ਤਾਂ ਚਾਹੇ ਜਿੰਨੀਆਂ ਮਰਜ਼ੀ ਟਿਊਸ਼ਨਾਂ ਰਖਾਉ, ਨਹੀਂ ਚੱਲ ਸਕੇਗਾ। ਪਰ ਮਾਪੇ ਦਬਾਅ ਪਾਉਣੋਂ ਨਹੀਂ ਹਟਦੇ। ਆਮਿਰ ਖਾਨ ਦੀ ਫਿਲਮ ਥਰੀ ਇਡੀਅਟਸ ਇਸ ਸਥਿੱਤੀ ਬਾਰੇਬਹੁਤ ਚੰਗੀ ਤਰਾਂਨਾਲ ਚਾਨਣਾ ਪਾਉਂਦੀ ਸੀ। ਮੈਂ ਦਸਵੀਂ ਕਲਾਸ ਗਿਆਨ ਆਸ਼ਰਮ ਸਕੂਲ ਅੰਮ੍ਰਿਤਸਰ ਤੋਂ ਕੀਤੀ ਸੀ। ਮੇਰੇ ਸੈਕਸ਼ਨ ਵਿੱਚ ਸਾਡੇ ਮੈਥ ਟੀਚਰ ਦਾ ਮੁੰਡਾ ਵੀ ਪੜ੍ਹਦਾ ਸੀ। ਉਸ ਦੇ ਕੱਚੇ ਪੇਪਰਾਂ ਵਿੱਚ ਮੈਥ ਵਿੱਚੋਂ 99 ਨੰਬਰ ਆਏ ਤਾਂ ਉਸ ਦੇ ਬਾਪ ਨੇ ਉਸ ਨੂੰ ਕਲਾਸ ਵਿੱਚ ਹੀ ਡੰਡਿਆਂ ਨਾਲ ਕੁੱਟਿਆ ਕਿ ਇੱਕ ਨੰਬਰ ਘੱਟ ਕਿਉਂ ਆਇਆ ਹੈ। ਸਿਰਫ ਕੋਟੇਦੇ ਟਿਊਸ਼ਨ ਸੈਂਟਰਾਂ ਵਿੱਚ ਹੀ ਹਰ ਸਾਲ ਪੌਣੇ ਦੋ ਲੱਖ ਦੇ ਕਰੀਬ ਬੱਚੇ ਇੰਜੀਨੀਅਰਿੰਗ ਅਤੇ ਮੈਡੀਕਲਵਿੱਚ ਦਾਖਲੇ ਲਈ ਐਂਟਰੈਂਸ ਟੈਸਟ ਕਲੀਅਰ ਕਰਨ ਦੀ ਟਰੇਨਿੰਗ ਲੈਣ ਆਉਂਦੇ ਹਨ। 2021 ਵਿੱਚ ਇਥੇ ਆਤਮ ਹੱਤਿਆ ਕਰਨ ਵਾਲੇ ਬਿਹਾਰ ਦੇ 16 ਸਾਲਾ ਸ਼ੰਬਿਤ ਵੱਲੋਂ ਲਿਖੇ ਗਏ ਖੁਦਕਸ਼ੀ ਨੋਟ ਨੇ ਲੋਕਾਂਨੂੰ ਹਿਲਾ ਦਿੱਤਾ ਸੀ। ਸ਼ੰਬਿਤ ਦਾ ਪਿਤਾ ਇੱਕ ਬੈਂਕ ਵਿੱਚ ਕਲਰਕ ਤੇ ਮਾਂ ਸਕੂਲ ਟੀਚਰ ਸੀ। ਉਹਨਾਂ ਨੇ ਸ਼ੰਬਿਤ ਦੀ ਟਿਊਸ਼ਨ ਫੀਸ ਵਾਸਤੇ 8 ਲੱਖ ਰੁਪਿਆ ਲੋਨ ਲਿਆ ਹੋਇਆ ਸੀ। ਸ਼ੰਬਿਤ ਨੀਟ ਦੀ ਤਿਆਰੀ ਕਰ ਰਿਹਾ ਸੀ ਪਰ ਛੇ ਮਹੀਨੇ ਦੀ ਟਿਊਸ਼ਨ ਤੋਂ ਬਾਅਦ ਉਹ ਐਨਾ ਦਬਾਅ ਨਾ ਝੱਲ ਸਕਿਆ ਤੇ ਮਾਪਿਆਂ ਨੂੰ ਵਾਰ ਵਾਰ ਵਾਪਸ ਲੈ ਜਾਣ ਦੀ ਗੁਜਾਰਿਸ਼ ਕਰਨ ਲੱਗਾ। ਪਰ ਮਾਪੇ ਉਸ ਦੀ ਗੱਲ ਮੰਨਣ ਦੀ ਬਜਾਏ ਲਗਾਤਾਰ ਉਸ ਨੂੰ 8 ਲੱਖ ਦੇ ਕਰਜ਼ੇ ਅਤੇ ਚੰਗੇ ਭਵਿੱਖ ਬਾਰੇ ਵਿਖਿਆਨ ਦਿੰਦੇ ਰਹੇ। ਉਸ ਨੇ ਖੁਦਕੁਸ਼ੀ ਨੋਟ ਵਿੱਚ ਲਿਖਿਆ ਸੀ ਕਿ ਇਥੇ ਸਾਡੀ ਆਪਣੀ ਕੋਈ ਜ਼ਿੰਦਗੀ ਨਹੀਂ ਹੈ। ਅਸੀਂ ਹੱਸਣਾ ਖੇਡਣਾ ਭੁੱਲ ਚੁੱਕੇ ਹਾਂ। ਦਿਨ ਵਿੱਚ 16 16 ਘੰਟੇ ਪੜ੍ਹਨਾ ਪੈਂਦਾ ਹੈ ਤੇ ਕਈ ਵਾਰ ਤਾਂ ਸਾਰਾ ਦਿਨ ਖਾਣ ਪੀਣ ਦੀ ਸੁੱਧ ਵੀ ਨਹੀਂ ਰਹਿੰਦੀ। ਪਿਤਾ ਜੀ ਮੈਨੂੰ ਮਾਫ ਕਰਨਾ, ਮੈਂ ਤੁਹਾਡੇ ਸੁਪਨੇ ਪੂਰੇ ਨਹੀਂ ਕਰ ਸਕਿਆ। ਦੂਸਰਾ ਸਭ ਤੋਂ ਵੱਡਾ ਕਾਰਨ ਬੱਚੇ ਨੂੰ ਧੱਕੇ ਨਾਲ ਗਲਤ ਵਿਸ਼ੇ ਚੁਣਨ ਲਈ ਮਜ਼ਬੂਰ ਕਰਨਾ ਹੈ। ਭਾਰਤ ਵਿੱਚ 70% ਨਾਲੋਂ ਵੀ ਵੱਧ ਨੌਕਰੀਆਂ ਆਟਰਸ ਵਿਸ਼ਿਆਂ ਨਾਲ ਸਬੰਧਿਤ ਹਨ। ਪੁਲਿਸ, ਫੌਜ, ਮਾਲ ਮਹਿਕਮਾ, ਸਿਵਲ ਸਰਵਿਸਜ਼ ਅਤੇ ਜੁਡੀਸ਼ਰੀ ਆਦਿ ਲਈ ਸਾਇੰਸ ਦੀ ਪੜ੍ਹਾਈ ਦੀ ਕੋਈ ਜਰੂਰਤ ਨਹੀਂ ਹੈ। ਇਸ ਲਈ ਇਹ ਵੇਖਣਾ ਜਰੂਰੀ ਹੈ ਕਿ ਬੱਚੇ ਦੀ ਦਿਲਚਸਪੀ ਕਿਸ ਪਾਸੇ ਹੈ। ਵੇਖਿਆ ਜਾਵੇ ਤਾਂ ਸਾਡੇ ਚੋਟੀ ਦੇ ਖਿਡਾਰੀ ਅਤੇ ਫਿਲਮ ਸਟਾਰ ਕਿੰਨਾ ਕੁ ਪੜ੍ਹੇ ਲਿਖੇ ਹਨ ? ਕੋਈ ਬੱਚਾ ਚਾਹੇ ਆਪਣੇ ਜਿਲ੍ਹੇ ਦੇ ਡੀਸੀ ਦਾ ਨਾਮਨਾ ਜਾਣਦਾ ਹੋਵੇ, ਪਰ ਵਿਰਾਟ ਕੋਹਲੀ ਅਤੇ ਸ਼ਾਹਰੁੱਖ ਖਾਨ ਦਾ ਨਾਮ ਜਰੂਰ ਜਾਣਦਾ ਹੋਵੇਗਾ। ਸਾਡੇ ਨਜ਼ਦੀਕੀ ਪਿੰਡ ਦਾ ਇੱਕ ਬੰਦਾ ਆਪਣੇ ਲੜਕੇ ਦੀ ਇਸ ਲਈ ਲਾਹ ਪਾਹ ਕਰਦਾ ਰਹਿੰਦਾ ਸੀ ਕਿ ਉਹਪੜ੍ਹਾਈ ਲਿਖਾਈ ਵੱਲ ਧਿਆਨ ਨਹੀਂ ਦਿੰਦਾ ਤੇ ਚੌਵੀ ਘੰਟੇ ਮੱਝਾਂ ਵਿੱਚ ਵੜਿਆ ਰਹਿੰਦਾ ਹੈ। ਉਸ ਲੜਕੇ ਨੇ ਰੋ ਪਿੱਟ ਕੇ ਬੀ.ਏ ਪਾਸ ਕਰ ਲਈ ਪਰ ਨੌਕਰੀਆਂ ਪਿੱਛੇ ਭੱਜਣ ਦੀ ਬਜਾਏ ਆਪਣਾ ਡੇਅਰੀ ਫਾਰਮ ਖੋਲ੍ਹ ਲਿਆ। ਅੱਜ ਉਸ ਦੇ ਡੇਅਰੀ ਫਾਰਮ ਵਿੱਚ ਚੋਟੀ ਦੀ ਨਸਲ ਦੀਆਂ ਕੁੱਲ ਮਿਲਾ ਕੇਸੌ ਤੋਂ ਵੱਧ ਮੱਝਾਂ ਗਾਵਾਂ ਹਨ। ਅੱਜ ਉਹ ਹੀ ਆਦਮੀ ਜੋ ਉਸ ਨੂੰ ਨਲਾਇਕ ਕਹਿੰਦਾ ਹੁੰਦਾ ਸੀ, ਮਾਣ ਨਾਲ ਦੱਸਦਾ ਹੈ ਕਿ ਮੈਂ ਰੰਧਾਵਾ ਡੇਅਰੀ ਫਾਰਮ ਵਾਲੇ ਕੇਸਰ ਦਾ ਬਾਪ ਹਾਂ। ਖੁਦਕੁਸ਼ੀਆਂ ਦਾ ਇੱਕ ਵੱਡਾ ਕਾਰਨ ਘਰੋਂ ਇਮੋਸ਼ਨਲ ਸਪੋਰਟ ਨਾ ਮਿਲਣਾ ਤੇ ਫੇਲ੍ਹ ਹੋਣ ਦਾ ਡਰ ਹੈ। ਜਦੋਂ ਬੱਚਾ ਪੜ੍ਹਾਈ ਵਿੱਚ ਕਮਜ਼ੋਰ ਹੋਵੇ ਤਾਂ ਉਹ ਪਰਿਵਾਰ ਤੋਂ ਇਮੋਸ਼ਨਲ ਸਪੋਰਟ ਭਾਲਦਾ ਹੈ। ਗੁਰਦਾਸ ਮਾਨ ਦਾ ਗਾਣਾ ਕਿ ਮਾਂ ਦੀ ਹੱਲਾਸ਼ੇਰੀ ਸ਼ੇਰ ਬਣਾ ਦਿੰਦੀ, ਬਿਲਕੁਲ ਸਹੀ ਗੱਲ ਹੈ। ਪਰ ਪਰਿਵਾਰ ਵੱਲੋਂ ਲਗਾਤਾਰ ਕੀਤੀ ਜਾਂਦੀ ਟੋਕਾ ਟੋਕਾਈ ਤੇ ਇਹ ਤਾਂ ਹੈ ਹੀ ਨਲਾਇਕ ਵਰਗੀਆਂ ਵਾਹਯਾਤ ਗੱਲਾਂ ਬੱਚੇ ਨੂੰ ਮਰਨ ਵਾਲੇ ਪਾਸੇ ਲੈ ਤੁਰਦੀਆਂ ਹਨ। ਜਦੋਂ ਬੱਚੇ ਦੇ ਮਨ ਵਿੱਚ ਆ ਜਾਵੇ ਕਿ ਮੇਰੇ ਫੇਲ੍ਹ ਹੋ ਜਾਣ ਕਾਰਨ ਮਾਂ ਬਾਪ ਦੀ ਜ਼ਿੰਦਗੀ ਭਰ ਦੀ ਕਮਾਈ ਸਵਾਹ ਹੋ ਜਾਣੀ ਹੈ ਤਾਂ ਫਿਰ ਹਾਲਾਤ ਹੋਰ ਵੀ ਖਰਾਬ ਹੋ ਜਾਂਦੇ ਹਨ। ਇਸ ਲਈ ਬੱਚੇ 'ਤੇ ਆਪਣੀ ਮਰਜ਼ੀ ਥੋਪਣ ਦੀ ਬਜਾਏ ਇਹ ਵੇਖਣਾ ਜਰੂਰੀ ਹੈ ਕਿਉਹ ਕੀ ਚਾਹੁੰਦਾ ਤੇ ਕਿਸ ਫੀਲਡ ਵਿੱਚ ਕਾਮਯਾਬ ਹੋ ਸਕਦਾ ਹੈ।ਉਸ ਮੁਤਾਬਕ ਉਸ ਨੂੰ ਉਤਸ਼ਾਹਿਤ ਕੀਤਾ ਜਾਵੇ, ਨਹੀਂ ਫਿਰ ਵੇਲਾ ਹੱਥ ਨਹੀਂ ਆਉਂਦਾ।

# Preetnama

Khara Sach

# ਪ੍ਰੀਤਨਾਮਾ

ਖ਼ਰਾ ਸੱਚ

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 338

Website: www.preetnama.com Email preetnamausa@gmail.com

30 JAN TO 05 FEB, 2026




# ਪ੍ਰੀਤ ਫੁਲਵਾੜੀ

## 26 ਜਨਵਰੀ 'ਤੇ ਵਿਸ਼ੇਸ਼ ਕਵਿਤਾ

ਮਾਂ ! ਇਹ ਕੀ ਹੋ ਰਿਹਾ ਏ
ਏਨਾਂ ਭੀੜ ਭੜਕਾ ਕਿਉਂ ਏ ਮਾਂ
ਅੱਜ ਸੜਕਾਂ ਬੜੀਆਂ ਸਾਫ ਸੂਫ ਨੇ
ਸੜਕਾਂ 'ਤੇ ਚੂਨਾ ਕਿਉਂ ਖਿਲਰਿਆ ਹੋਇਆ ਏ
ਪੁਲਿਸ ਵਾਲੇ ਚਾਰ ਚੁਫੇਰੇ ਕਿਉਂ ਹਨ, ਮਾਂ
ਪੁਲਿਸ ਵਾਲੇ ਕਿੰਨੇ ਚੰਗੇ ਲੱਗ ਰਹੇ ਹਨ .
ਮਾਂ, ਏਨੇ ਸਾਰੇ ਬੱਚੇ ਲਾਈਨਾਂ ਵਿੱਚ ਕਿਧਰ ਜਾ ਰਹੇ ਹਨ
ਮਾਂ, ਕਿੰਨੇ ਸੋਹਣੇ ਲੱਗਦੇ ਹਨ ਬੱਚੇ
.......... ਸੜਕ ਪਾਰ ਕਰਦਿਆਂ
ਇਕ ਮਜਦੂਰ ਮਾਂ ਦੇ ਅਸਿੱਖਿਅਕ ਬੱਚੇ ਨੇ ਕਿਹਾ,
ਮਾਂ ਨੇ ਕਿਹਾ :- ਚੱਲ ਜਲਦੀ ਚੱਲ
ਸਮੇਂ ਸਿਰ ਨਾ ਪਹੁੰਚੇ ਤਾਂ
ਠੇਕੇਦਾਰ ਗਾਲੀਆਂ ਦੇਵੇਗਾ
ਜਲਦੀ ਜਲਦੀ ਚਲਦਿਆਂ
ਸੜਕ ਪਾਰ ਕਰਨ ਲੱਗੇ
ਤਾਂ ਇੱਕ ਪੁਲਿਸ ਵਾਲੇ ਨੇ
ਜੋਸ ਵਿੱਚ ਰੋਕਦੇ ਹੋਏ ਉਨ੍ਹਾਂ ਨੂੰ ਕਿਹਾ
"ਤੈਨੂੰ ਦਿਸਦਾ ਨਈ ਮਨਿਸਟਰ ਸਾਹਿਬ ਦੀਆਂ ਗੱਡੀਆਂ
ਆਉਣ ਵਾਲੀਆਂ ਨੇ
ਚੱਲ ਕਮਬਖਤ ਪਰ੍ਹਾਂ ਮਰ ਜਾ ਕੇ
ਅੰਨੇ ਵਾਹ ਦੌੜੀ ਆਉਣੀ ਏ"
ਮਾਂ ਨੂੰ ਬੱਚੇ ਸਮੇਤ ਪਰ੍ਹਾਂ ਧਕੇਲ ਦਿੱਤਾ
ਮਾਂ ਮਾਯੂਸ ਹੋ ਕੇ ਢੀਠਾਂ ਵਾਂਗ
ਵਾਪਿਸ ਹੋ ਗਈ
ਕਿਸੇ ਹੋਰ ਰਸਤੇ ਦੀ ਭਾਲ ਵਿਚ
ਕਿਤੇ ਦਿਹਾੜੀ ਲਾਉਣ ਤੋਂ ਦੇਰ ਨਾ ਹੋ ਜਾਏ
ਛੋਟੇ ਬੱਚੇ ਨੇ ਮਾਂ ਦੇ ਮੂੰਹ ਵੱਲ ਵੇਖਦੇ ਹੋਏ
ਰੂਆਂਸੀ ਆਵਾਜ ਵਿੱਚ ਕਿਹਾ
"ਮਾਂ ! ਸਾਨੂੰ ਪੁਲਿਸ ਵਾਲੇ ਨੇ ਧੱਕਾ ਕਿਉਂ ਮਾਰਿਆ ਏ"
"ਪੁੱਤਰ ! ਅੱਜ ਛੱਬੀ ਜਨਵਰੀ ਏ"
"ਮਾਂ, ਉਹ ਕੀ ਹੁੰਦੀ ਏ ?

**ਬਲਵਿੰਦਰ ਬਾਲਮ ਗੁਰਦਾਸਪੁਰ**
**ਓਂਕਾਰ ਨਗਰ, ਗੁਰਦਾਸਪੁਰ ਪੰਜਾਬ**
98156-25409

## ਕਵਿਤਾ

ਨਜ਼ਰ ਲੱਗੀ ਪੰਜਾਬ ਨੂੰ,
ਕੋਈ ਨਜ਼ਰ ਉਤਾਰੋ,
ਨਿਕਲੋ ਘਰਾ ਚੋਂ ਪੰਜਾਬੀਓ,
ਨਹੀਂ ਤਾਂ ਸੱਥਰ ਵਿਛਾ ਲਓ,
ਨਜ਼ਰ ਲੱਗੀ ਪੰਜਾਬ
ਸਾਡੇ ਪਾਣੀ ਕਾਲੇ ਭੂਰੇ ਕਰ ਛੱਡੇ,
ਆਉ ਪੱਤਣੀ ਬੰਨ ਬਣਾ ਲਓ,
ਨਿਕਲਣ ਨਾ ਦਿਉ ਗੱਡੀਆ,
ਫੈਕਟਰੀਆਂ ਨੂੰ ਜਿੰਦਰੇ ਲਾ ਦੋ,
ਨਜ਼ਰ ਲੱਗੀ ਪੰਜਾਬ
ਅਸੀਂ ਚੰਦ ਕੁ ਬੁੱਢੇ ਬੋਲਦੇ,
ਮਸਲਾ ਏ ਭਾਰੀ,
ਜਾਗ ਪਵੋ ਉਏ ਸੁਤਿਉ,
ਹੁਣ ਤੁਹਾਡੀ ਵਾਰੀ,
ਬਚਣਾ ਕੁਝ ਨਹੀ ਗੰਧਲੇ ਪਾਣੀ 'ਚ,
ਹੁਣ ਖੈਰ ਮਨਾ ਲਓ,
ਨਜਰ ਲੱਗੀ ਪੰਜਾਬ
ਮੈਨੂੰ ਮਾਣ ਪੰਜਾਬੀ ਹੋਣ ਦਾ,
ਮੈ ਬਾਹਾਂ ਭਰੀਆਂ,
ਰੋਕਣਾ ਰੋਕ ਲਵੋ ਹੁਣ ਹੀ,
ਗੰਦਲੇ ਪਾਣੀ ਨਾਲ ਸਾਡੀਆ ਖਾਲਾਂ ਭਰੀਆਂ,
ਖੇਤੀ ਪਾਣੀ ਹੋਣਾ ਨਹੀ,
ਨਾਂ ਕੋਈ ਜੀਵ ਹੀ ਰਹਿਣਾ
ਨਜ਼ਰ ਲੱਗੀ ਪੰਜਾਬ ਨੂੰ,
ਬਸ ਇਹੀ ਕਹਿਣਾ,
ਬਸ ਇਹੀ ਕਹਿਣਾ।

00971504977026
ਧੰਨਵਾਦ

## ਪਾਰਕ ਨੂੰ ਚੱਲੀਏ

ਆਜੋ ਵੀਰ ਜੀ ਪਾਰਕ ਨੂੰ ਚੱਲੀਏ,
ਆਪਣਾ ਮਨ ਪਸੰਦ ਝੂਲਾ ਮੱਲੀਏ।
ਦਿਨ ਐਤਵਾਰ ਦੀ ਛੁੱਟੀ ਹੈ ਅੱਜ,
ਜਲਦੀ ਪਹੁੰਚੀਏ ਥੋੜ੍ਹਾ ਵੀਰੇ ਭੱਜ।
ਚੁਸਤ ਦੋਨੋਂ ਨੇ ਈਸਟਾ, ਏਕਵੀਰਾ,
ਵੇਖਕੇ ਹੋਵੇਗਾ ਤੂੰ ਫੇਰ ਦੂਹ੍ਰਾ ਤੀਰਾ।
ਝੂਲਾ ਰੋਕ ਲੈਣਾ ਮੈਂ ਪੀਂਘ ਵਾਲਾ,
ਰੋਜ਼ ਬੈਠਦੀ ਹੈ ਜਿਸ ਉੱਤੇ ਮਾਲਾ।
ਮੋਹੀ ਕਹਿੰਦਾ ਭੈਣੇ ਸੁਣ ਮੇਰੀ ਗੱਲ,
ਮੈਂ ਤਾਂ ਜਾਊਂਗਾ ਸਿੱਧਾ ਰੱਸੇ ਵੱਲ।
ਜਿੰਨਾਂ ਚਿਰ ਮੇਰਾ ਕੱਦ ਨੀਂ ਵੱਧਦਾ,
ਮੈਂ ਰੱਸੇ ਦਾ ਖਹਿੜਾ ਨਹੀਂ ਛੱਡਦਾ।
ਪਹਿਲਾਂ ਪੁੱਜ ਗਏ ਦੋਨੋਂ ਭੈਣ—ਭਰਾ,
ਯਾਰ ਪਿੱਛੇ ਛੱਡ ਕੇ ਦਿੱਤੇ ਨੇ ਹਰਾਂ।
ਰੱਜ ਕੇ ਝੂਟੇ ਲਏ ਬੜੀ ਹੀ ਵਾਰੀ।
ਛੁੱਟੀ ਲੰਘੀ ਗਈ ਖੁਸ਼ੀ 'ਚ ਸਾਰੀ।
'ਚਮਨ' ਪਾਰਕ ਨੂੰ ਹਰ ਰੋਜ਼ ਜਾਓ,
ਸਰੀਰ ਨੂੰ ਬਿਮਾਰੀਆਂ ਤੋਂ ਬਚਾਓ।

**ਚਮਨਦੀਪ ਸ਼ਰਮਾ**
ਮੋ— 95010 33005

## ਮਾ. ਤਾਰਾ ਸਿੰਘ ਬਨਾਮ ਡਾ.ਅੰਬੇਡਕਰ

ਮਾ. ਤਾਰਾ ਸਿੰਘ ਸੀ *ਵਿਹਿਪ' ਦੇ ਮੋਢੀਆਂ ਚੋਂ,
ਇਹ ਅੰਦਰੋਂ ਪੱਕਾ 'ਹਿੰਦੂ' ਤੇ 'ਸਿੱਖ ਪ੍ਰਧਾਨ' ਲੋਕੋ।
ਕਹਿੰਦਾ ÷ਹਮਨੇ ਹਿੰਦੂ ਧਰਮ ਕੋ ਕਵੀ ਨਹੀਂ ਛੋੜਾ÷
ਇਹ ਤਾਰਾ ਸਿੰਘ ਦਾ ਸੀ ਆਪਣਾ ਬਿਆਨ ਲੋਕੋ।
ਖੁੱਲਕੇ 'ਅੰਬੇਡਕਰ' ਦੀ ਕੀਤੀ ਨਾ ਸਪੋਟ ਇਸਨੇ,
ਜਦ ਉਹ ਸਿੱਖੀ ਵਿੱਚ ਲੱਗਾ ਸੀ ਆਣ ਲੋਕੋ।
ਖ਼ਤ ਖੂਨ ਨਾਲ ਲਿਖਕੇ ਦਿੱਤੀਆਂ ਧਮਕੀਆਂ ਤੇ,
ਮਾ. ਤਾਰਾ ਸਿੰਘ ਨੇ ਨਾ ਖੋਲ੍ਹੀ ਜ਼ੁਬਾਨ ਲੋਕੋ।
ਧਮਕੀਆਂ ਦੇਣ ਵਾਲਿਆਂ ਨੂੰ ਨਾ ਖ਼ਬਰਦਾਰ ਕੀਤਾ,
ਨਾ ਦਲਿਤਾਂ ਦੀ ਰਾਖੀ ਦਾ ਕੀਤਾ ਐਲਾਨ ਲੋਕੋ।
ਵੱਡੀ ਗਿਣਤੀ 'ਚ ਦਲਿਤਾਂ ਦਾ ਸਿੱਖ ਬਣਨਾ,
ਸ਼ਾਇਦ ਅੰਦਰੋਂ ਨਹੀਂ ਸੀ ਇਸਨੂੰ ਪ੍ਰਵਾਨ ਲੋਕੋ।
ਦੂਜਾ ਜ਼ਾਤ ਦੇ ਆਧਾਰ ਤੇ ਰਿਜ਼ਰਵੇਸ਼ਨ ਦਿਵਾ ਕੇ,
ਸਿੱਖੀ ਵਿੱਚ 'ਜ਼ਾਤ' ਨੂੰ ਮਾਨਤਾ ਦਿਵਾ ਗਿਆ ਜੀ।
ਜਿਸਨੂੰ ਖ਼ਤਮ ਕਰਨ ਲਈ ਗੁਰੂਆਂ ਜ਼ੋਰ ਲਾਇਆ,
'ਮੇਜਰ' ਇਹ 'ਜ਼ਾਤ' ਸਿੱਖੀ 'ਚ ਪੱਕੀ ਕਰਾ ਗਿਆ ਜੀ।

**ਮੇਜਰ ਸਿੰਘ ਬੁਢਲਾਡਾ**
94176 42327

## .ਗਜ਼ਲ

ਦਿਲ ਤੇ ਚਲਦੀ ਆਰੀ ਹੈ।
ਬੋਝ ਗ਼ਮਾਂ ਦਾ ਭਾਰੀ ਹੈ।

ਮੇਰੀ ਮਾਂ ਬੋਲੀ ਦੇ ਉੱਤੇ,
ਗੈਰਾਂ ਦੀ ਸਰਦਾਰੀ ਹੈ।

ਮੇਰੀ ਮਿੱਠੀ ਮਾਂ ਬੋਲੀ,
ਅਲੰਕਾਰਾਂ ਸ਼ਿੰਗਾਰੀ ਹੈ।

ਮਿੱਠੀ ਹੈ ਮਿਸਰੀ ਵਰਗੀ,
ਲੱਗਦੀ ਬਹੁਤ ਪਿਆਰੀ ਹੈ।

ਗੀਤ ਸੁਣਾਂ ਜਦ ਪੰਜਾਬੀ,
ਚੜ੍ਹਦੀ ਬਹੁਤ ਖੁਮਾਰੀ ਹੈ।

ਮਾਂ ਬੋਲੀ ਭੁੱਲ ਰਹੇ ਹੋ,
ਮੱਤ ਗਈ ਕਿਉਂ ਮਾਰੀ ਹੈ।

ਮੇਰੀ ਮਾਂ ਬੋਲੀ ਦੇ ਉੱਤੇ
ਗ਼ੈਰਾਂ ਦੀ ਸਰਦਾਰੀ ਹੈ।

**ਅਮਰਜੀਤ ਕੌਰ ਮੋਰਿੰਡਾ**
**ਮੋਬਾਈਲ ਨੰਬਰ** 7888835400

## ਗਜ਼ਲ

ਰੌਸ਼ਨੀ ਦਾ ਸਿਲਸਿਲਾ, ਚਾਨਣ ਦਾ ਲਸ਼ਕਰ ਹੋ ਗਿਆ।
ਬੂੰਦ ਤੋਂ ਜਦ ਫੈਲ ਕੇ ਉਹ ਇਕ ਸਮੁੰਦਰ ਹੋ ਗਿਆ।

ਆਪਣੇ ਤੋਂ ਆਪ ਤਕ ਦਾ ਹੈ ਸਫ਼ਰ ਔਖਾ ਬਹੁਤ,
ਇਹ ਥਕੇਵਾਂ ਜਾਪਦੈ ਮੇਰਾ ਮੁਕੱਦਰ ਹੋ ਗਿਆ।

ਉੱਠ ਕੇ ਧਰਤੀ ਤੋਂ ਅੰਬਰ ਛੋਹ ਲਿਆ ਜਦ ਓਸ ਨੇ,
ਓਸ ਵੇਲੇ ਅਪਣੇ ਉਹ ਕੱਦ ਦੇ ਬਰਾਬਰ ਹੋ ਗਿਆ।

ਉਸ ਘੜੀ ਬਸ ਦੂਰ ਤਕ ਸੀ ਫੈਲਿਆ ਹੋਇਆ ਖ਼ਲਾਅ,
ਜਿਸ ਘੜੀ ਮੈਂ ਜਿਸਮ ਤੋਂ ਅਪਣੇ ਹੀ ਬਾਹਰ ਹੋ ਗਿਆ।

ਉਹ ਮੇਰੇ ਨਜ਼ਦੀਕ ਕੀ ਆਇਆ ਕਿ ਏਦਾਂ ਜਾਪਿਆ,
ਜਿੱਦਾਂ ਮੇਰੇ ਵਹਿਮ ਤੋਂ ਵੀ ਵਧ ਕੇ ਬਰਤਰ ਹੋ ਗਿਆ।

ਕੋਈ ਕਾਰਨ ਹੈ ਨਾ ਹੈ ਕੋਈ ਸਬੂਤ ਇਸ ਗੱਲ ਦਾ,
ਅੱਜ ਦਾ ਇਹ ਆਦਮੀ ਪਹਿਲਾਂ ਤੋਂ ਬਿਹਤਰ ਹੋ ਗਿਆ।

ਫ਼ਾਸਿਲਾ ਚਾਹਤ ਤੇ ਅਸਲੀਅਤ ਦੇ ਵਿਚ ਵਧਦਾ ਰਿਹਾ,
ਜੋ ਮੈਂ ਚਾਹੁੰਦਾ ਸੀ ਨਾ ਹੋਵੇ ਓਹੋ ਅਕਸਰ ਹੋ ਗਿਆ।

ਇਕ ਪਰਿੰਦੇ ਵਾਂਗ ਮੈਨੂੰ ਕੈਦ ਕਰ ਦਿੱਤਾ ਗਿਆ,
ਆਖ਼ਰ ਇਕ ਸੋਨੇ ਦਾ ਪਿੰਜਰਾ ਹੀ ਮੇਰਾ ਘਰ ਹੋ ਗਿਆ।

**ਸ਼ਸ਼ੀ ਕਾਂਤ ਉਪਲ**



## ਗਜ਼ਲ

ਫਿਰ ਕਰਾਂਗਾ ਸੁਲਹ ਦੀ ਕੋਈ ਬਾਤ ਮੇਰੇ ਦੋਸਤਾ।
ਮੈਂ ਅਜੇ ਤਾਂ ਜੰਗ ਦੇ ਮੈਦਾਨ ਵਿਚ ਹਾਂ ਲੜ ਰਿਹਾ।

ਹੈ ਅਜੇ ਤਹਿਰੀਰ ਬਾਕੀ ਤੇ ਬੜਾ ਕੁਝ ਕਹਿਣ ਨੂੰ,
ਵੇਖਦੇ ਹੋ ਜੋ ਤੁਸੀਂ ਉਹ ਤਾਂ ਹੈ ਕੇਵਲ ਹਾਸ਼ੀਆ।

ਉਮਰ ਭਰ ਦਿਲ ਨੂੰ ਮੇਰੇ ਬੇਚੈਨ ਕਰਦੀ ਹੀ ਰਹੀ,
ਬੱਦਲਾਂ ਵਿਚ ਤੁਰਦੇ ਸੂਰਜ ਨੂੰ ਫੜਣ ਦੀ ਲਾਲਸਾ।

ਇਕ ਸਹਿਮੀ ਚੀਕ ਬੁੱਲ੍ਹਾਂ ਉੱਤੇ ਆ ਕੇ ਰੁਕ ਗਈ,
ਕੀ ਅਜਿਹਾ ਸੀ ਜੋ ਮੇਰੇ ਅਪਣੇ ਅੰਦਰ ਟੁੱਟਿਆ।

ਇਹ ਖ਼ਤਾ ਵੀ ਹੈ ਬੜੀ ਸੰਗੀਨ, ਮੈਨੂੰ ਇਲਮ ਹੈ,
ਇਹ ਖ਼ਤਾ ਕੀ ਘੱਟ ਹੈ ਕਿ ਹੈ ਨਹੀਂ ਕੋਈ ਖ਼ਤਾ।

ਹੁਣ ਨਹੀਂ ਬਾਕੀ ਰਹੀ ਹਿੰਮਤ ਉਡਾਰੀ ਦੀ 'ਸ਼ਸ਼ੀ',
ਪਿੰਜਰਾ ਸੱਯਾਦ ਤਾਂ ਆਕੇ ਹੈ ਮੇਰਾ ਖੋਲ੍ਹਦਾ।

**ਸ਼ਸ਼ੀ ਕਾਂਤ ਉਪਲ**

## ਸੋਹਣੀ ਰੁੱਤ ਬਸੰਤ ਦੀ

ਪੱਤਝੜ੍ਹ ਲੰਘੀ, ਫੋਟਾਂ ਫੁੱਟੀਆਂ,
ਪੰਛੀਆਂ ਛਹਿਬਰ ਲਾਈ।
ਹਰਾ ਦੁਪੱਟਾ,ਪੀਲੀਆਂ ਬੂਟੀਆਂ
ਲ? ਬਸੰਤ ਕੁਰ ਆਈ।
ਖੇਤਾਂ ਵਿੱਚ ਬਹਾਰਾਂ ਨੱਚਣ
ਕੁਦਰਤ ਫਿਰੇ ਨਸ਼ਿਆਈ।
ਪੀਲੇ ਫੁੱਲ ਸਰੋਂਆਂ ਨੂੰ ਲੱਗੇ,
ਹਰ ਪਾਸੇ ਹਰਿਆਈ।
ਚੜ੍ਹਦੇ ਸੂਰਜ ਦੀ ਲਾਲੀ ਝਾਕੇ,
ਨਜ਼ਰ ਸਵੱਲੀ ਪਾਈ।
ਮਾਲੀ ਬੂਟਿਆਂ ਦੀ ਬਾਗਾਂ ਵਿੱਚ,
ਕਰਦੇ ਗੁਡ ਗੁਡਾਈ।
ਤਿੱਤਲੀਆਂ, ਭੋਰੇ ਫੁੱਲਾਂ ਉੱਤੇ,
ਨੱਚਦੇ ਦੇਣ ਦਿਖਾਈ।
ਰੁੱਖ ਮਸਤੀ ਦੇ ਵਿੱਚ ਝੂਮਣ,
ਜਾਂਦੇ ਸਾਜ਼ ਵਜਾਈ।
ਸਭ ਤੋਂ ਸੋਹਣੀ ਰੁੱਤ ਬਸੰਤ ਦੀ,
ਜਾਵੇ ਖ਼ੁਸ਼ੀਆਂ ਨਾਲ ਮਨਾਈ।
ਪਾਲਾ ਉੱਡ ਪੁੱਡ ਚੱਲਿਆ 'ਪੱਤੋ',
ਸੂਰਜ ਕਰੇ ਰੁਸ਼ਨਾਈ।

**ਹਰਪ੍ਰੀਤ ਪੱਤੋ ਪਿੰਡ ਪੱਤੋ ਹੀਰਾ ਸਿੰਘ ਮੋਗਾ ਫੋਨ ਨੰਬਰ**
9465821417

## ਪਾਰਕ ਨੂੰ ਚੱਲੀਏ

ਆਜੋ ਵੀਰ ਜੀ ਪਾਰਕ ਨੂੰ ਚੱਲੀਏ,
ਆਪਣਾ ਮਨ ਪਸੰਦ ਝੂਲਾ ਮੱਲੀਏ।
ਦਿਨ ਐਤਵਾਰ ਦੀ ਛੁੱਟੀ ਹੈ ਅੱਜ,
ਜਲਦੀ ਪਹੁੰਚੀਏ ਥੋੜ੍ਹਾ ਵੀਰੇ ਭੱਜ।
ਚੁਸਤ ਦੋਨੋਂ ਨੇ ਈਸਟਾ, ਏਕਵੀਰਾ,
ਵੇਖਕੇ ਹੋਵੇਗਾ ਤੂੰ ਫੇਰ ਦੂਹ੍ਰਾ ਤੀਰਾ।
ਝੂਲਾ ਰੋਕ ਲੈਣਾ ਮੈਂ ਪੀਂਘ ਵਾਲਾ,
ਰੋਜ਼ ਬੈਠਦੀ ਹੈ ਜਿਸ ਉੱਤੇ ਮਾਲਾ।
ਮੋਹੀ ਕਹਿੰਦਾ ਭੈਣੇ ਸੁਣ ਮੇਰੀ ਗੱਲ,
ਮੈਂ ਤਾਂ ਜਾਊਂਗਾ ਸਿੱਧਾ ਰੱਸੇ ਵੱਲ।
ਜਿੰਨਾਂ ਚਿਰ ਮੇਰਾ ਕੱਦ ਨੀਂ ਵੱਧਦਾ,
ਮੈਂ ਰੱਸੇ ਦਾ ਖਹਿੜਾ ਨਹੀਂ ਛੱਡਦਾ।
ਪਹਿਲਾਂ ਪੁੱਜ ਗਏ ਦੋਨੋਂ ਭੈਣ—ਭਰਾ,
ਯਾਰ ਪਿੱਛੇ ਛੱਡ ਕੇ ਦਿੱਤੇ ਨੇ ਹਰਾਂ।
ਰੱਜ ਕੇ ਝੂਟੇ ਲਏ ਬੜੀ ਹੀ ਵਾਰੀ।
ਛੁੱਟੀ ਲੰਘ ਗਈ ਖੁਸ਼ੀ 'ਚ ਸਾਰੀ।
'ਚਮਨ' ਪਾਰਕ ਨੂੰ ਹਰ ਰੋਜ਼ ਜਾਓ,
ਸਰੀਰ ਨੂੰ ਬਿਮਾਰੀਆਂ ਤੋਂ ਬਚਾਓ।

**ਪਤਾ — ਚਮਨਦੀਪ ਸ਼ਰਮਾ,298 ਮਹਾਰਾਜਾ ਯਾਦਵਿੰਦਰਾ ਇਨਕਲੇਵ, ਨਾਭਾ ਰੋਡ, ਪਟਿਆਲਾ,**
ਮੋ— 95010 33005

## ਮਾਘੀ ਦਾ ਤਿਉਹਾਰ

ਆਇਆ ਮਾਘੀ ਦਾ ਤਿਉਹਾਰ, ਲੈ ਕੇ ਖੁਸ਼ੀਆਂ ਹਜ਼ਾਰ।
ਸਾਰੇ ਮੇਲੇ ਵਿੱਚ ਆਏ, ਕਰ ਹਾਰ ਤੇ ਸ਼ਿੰਗਾਰ।
ਆਓ ਮੁਕਤਸਰ ਜਾਈਏ, ਗੁਰੂ-ਘਰ ਸਿਰ ਝੁਕਾਈਏ।
ਟੁੱਟੀ ਗੰਢੀ ਜਾ ਕੇ ਨ੍ਹਾਈਏ, ਭਾਵੇਂ ਮੌਸਮ ਠੰਢਾ-ਠਾਰ।
ਇਹ ਸੀ ਢਾਬ ਖਿਦਰਾਣਾ, ਗੁਰਾਂ ਕੀਤਾ ਆ ਟਿਕਾਣਾ।
ਘੇਰਾ ਮੁਗਲਾਂ ਨੇ ਪਾਇਆ, ਤੇਗਾਂ-ਤੀਰਾਂ ਕੀਤੇ ਵਾਰ।
ਸ਼ੀਹਣੀ ਇੱਕ ਭਾਗੋ ਮਾਈ, ਐਸੀ ਤੇਗ ਉਸ ਚਲਾਈ।
ਤਾਅਨੇ ਸਿੰਘਾਂ ਤਾਈਂ ਦਿੱਤੇ, ਸਿੰਘ ਹੋਏ ਸ਼ਰਮਸਾਰ।
ਮਹਾਂ ਸਿੰਘ ਦਾ ਬੇਦਾਵਾ, ਹੁਣ ਕੀਤਾ ਪਛੋਤਾਵਾ।
ਜੰਗ ਜੌਹਰ ਉਹ ਵਿਖਾਏ, ਦਿੱਤੀ ਵੈਰੀਆਂ ਨੂੰ ਹਾਰ।
ਗੁਰੂ ਟੁੱਟੀ ਏਥੇ ਗੰਢੀ, ਕੀਤੀ ਮੰਦੀਓਂ ਸੀ ਚੰਗੀ।
ਚਾਲ਼ੀ ਮੁਕਤਿਆਂ ਦਾ ਕੀਤਾ, ਹੱਥੀਂ ਆਪ ਸਸਕਾਰ।
ਵੇਖੋ ਸਜੀਆਂ ਦੁਕਾਨਾਂ, ਢਾਲਾਂ ਤੇ ਨੇ ਕਿਰਪਾਨਾਂ।
ਵਿਚ ਰਾਜਸੀ ਇਕੱਠਾਂ, ਭਾਸ਼ਣ ਹੁੰਦੇ ਧੂੰਆਂਧਾਰ।
ਲੰਗਰ ਕਈ ਥਾਈਂ ਲੱਗੇ, ਵੱਜੇ ਢੋਲ ਉੱਤੇ ਡੱਗੇ।
ਛਿੰਝਾਂ ਵਿੱਚ ਕਿਵੇਂ ਉੱਡੇ, ਧੂੰਆਂ- ਧੂੜ ਤੇ ਗ਼ੁਬਾਰ।
ਸੱਚੇ ਗੁਰੂ ਨੂੰ ਧਿਆਈਏ, ਗੁਰਬਾਣੀ ਨਿੱਤ ਗਾਈਏ।
'ਰੂਹੀ' ਜਪੁਜੀ ਵੀ ਪੜ੍ਹੇ, ਨਾਲ਼ੇ ਪੜ੍ਹੇ ਚੰਡੀ-ਵਾਰ।
ਮੰਗੋ ਸਭ ਦੀ ਭਲਾਈ, ਦਿਲੋਂ ਕੱਢੀਏ ਬੁਰਾਈ।
ਛੱਡੋ ਵੈਰ ਤੇ ਵਿਰੋਧ, ਕਰੋ ਸਭ ਨੂੰ ਪਿਆਰ।

**ਪ੍ਰੋ. ਨਵ ਸੰਗੀਤ ਸਿੰਘ**
9417692015

# Preetnama

ਪ੍ਰੀਤਨਾਮਾ
ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 339

Website: www.preetnama.com Email preetnamausa@gmail.com

30 JAN TO 05 FEB, 2026



